30/8/2018

ਗੁਰਚੇਤ ਸਿੰਘ ਫੱਤੇਵਾਲੀਆ/ਬਲਵਿੰਦਰ ਸਿੰਘ ਧਾਲੀਵਾਲ/ਰਾਵਿੰਦਰ ਸਿੰਘ'ਰਵੀ

ਮਾਨਸਾ, 29 ਅਗਸਤ- ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਦੇ ਜਨਮ ਦਿਨ ਨੂੰ ਕੌਮੀ ਖੇਡ ਦਿਵਸ ਦੇ ਰੂਪ 'ਚ ਜ਼ਿਲ੍ਹੇ ਭਰ 'ਚ ਉਤਸ਼ਾਹ ਨਾਲ ਮਨਾਇਆ ਗਿਆ। ਸਕੂਲਾਂ ਕਾਲਜਾਂ 'ਚ ਖੇਡ ਮੁਕਾਬਲੇ ਕਰਵਾਉਣ ਦੇ ਨਾਲ ਹੀ ਖ਼ੂਨਦਾਨ ਕੈਂਪ ਵੀ ਲਗਾਏ ਗਏ। ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਦੇ ਖੇਡ ਸਟੇਡੀਅਮ ਵਿਖੇ ਖ਼ੂਨਦਾਨ ਕੈਂਪ ਲਗਾਇਆ ਗਿਆ। ਉਦਘਾਟਨ ਅਪਨੀਤ ਰਿਆਤ ਡਿਪਟੀ ਕਮਿਸ਼ਨਰ ਮਾਨਸਾ ਨੇ ਕਰਦਿਆਂ ਕਿਹਾ ਕਿ ਖ਼ੂਨਦਾਨ ਮਹਾ ਦਾਨ ਹੈ, ਜਿਸ ਨਾਲ ਅਨਮੋਲ ਮਨੁੱਖ ਜ਼ਿੰਦਗੀਆਂ ਨੂੰ ਬਚਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਖੇਡ ਦਿਵਸ ਮੌਕੇ ਇਸ ਤਰ੍ਹਾਂ ਦੇ ਕਾਰਜ ਕਰਨਾ ਸ਼ਲਾਘਾਯੋਗ ਹੈ। ਉਨ੍ਹਾਂ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿੰਦੇ ਹੋਏ ਖੇਡਾਂ ਨਾਲ ਜੁੜਨ ਦੀ ਅਪੀਲ ਕੀਤੀ। ਯੁਵਕ ਸੇਵਾਵਾਂ ਵਿਭਾਗ ਦੇ ਸਹਾਇਕ ਡਾਇਰੈਕਟਰ ਰਘਵੀਰ ਸਿੰਘ ਮਾਨ ਅਤੇ ਨਹਿਰੂ ਯੁਵਾ ਕੇਂਦਰ ਦੇ ਪ੍ਰਬੰਧਕੀ ਅਫ਼ਸਰ ਸੰਦੀਪ ਘੰਡ, ਐਨ.ਐਨ.ਐਸ. ਵਿਭਾਗ ਦੇ ਪ੍ਰੋਗਰਾਮ ਅਫ਼ਸਰ ਪ੍ਰੋ: ਰਾਵਿੰਦਰ ਸਿੰਘ, ਜ਼ਿਲ੍ਹਾ ਖੇਡ ਅਫ਼ਸਰ ਹਰਪਿੰਦਰ ਸਿੰਘ ਨੇ ਦੱਸਿਆ ਕਿ ਵੱਖ ਵੱਖ ਸੰਸਥਾਵਾਂ ਦੇ ਸਹਿਯੋਗ ਨਾਲ ਲਗਾਏ ਇਸ ਖ਼ੂਨਦਾਨ ਕੈਂਪ 'ਚ ਸਿਹਤ ਵਿਭਾਗ ਮਾਨਸਾ ਦੀ ਟੀਮ ਵਲੋਂ ਡਾ: ਸੁਸ਼ਮਾ ਗੋਇਲ ਦੀ ਅਗਵਾਈ ਹੇਠ 50 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ। ਇਸ ਮੌਕੇ ਹਰਿੰਦਰ ਸਿੰਘ ਮਾਨਸ਼ਾਹੀਆ, ਨਿਰਮਲ ਸਿੰਘ ਮੌਜੀਆ, ਹਰਦੀਪ ਸਿੰਘ ਸਿੱਧੂ, ਗੁਰੂ ਗੋਬਿੰਦ ਸਿੰਘ ਆਈ.ਟੀ.ਆਈ. ਭੈਣੀਬਾਘਾ ਦੇ ਪ੍ਰਿੰਸੀਪਲ ਅਮਨਦੀਪ ਸਿੰਘ, ਪੈਸਟੀਸਾਈਡ ਯੂਨੀਅਨ ਦੇ ਪ੍ਰਧਾਨ ਬਲਜੀਤ ਸਿੰਘ ਰੋਇਲ, ਹਰਵਿੰਦਰ ਸਿੰਘ, ਬਲਜੀਤ ਸਿੰਘ ਅਕਲੀਆ, ਪ੍ਰੋ: ਅਮਨਦੀਪ ਸਿੰਘ ਅਤੇ ਪ੍ਰੋ: ਕੁਲਦੀਪ ਸਿੰਘ ਆਦਿ ਹਾਜ਼ਰ ਸਨ।

Scanned with CamScanner

ਅਜੀਤ Date 21/8/2018





ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਡਾ: ਸਤਨਾਮ ਸਿੰਘ ਜੱਸਲ। ਅਜੀਤ ਤਸਵੀਰਾਂ

# ਪ੍ਰੋ: ਅਜਮੇਰ ਸਿੰਘ ਔਲਖ ਨਿਮਨ ਕਿਸਾਨੀ ਦੀ ਬਾਤ ਪਾਉਣ ਵਾਲਾ ਵੱਡਾ ਨਾਟਕਕਾਰ ਸੀ -ਡਾ: ਜੱਸਲ

ਮਾਨਸਾ, 20 ਅਗਸਤ (ਧਾਲੀਵਾਲ)- ਵਿਸ਼ਵ ਪ੍ਰਸਿੱਧ ਨਾਟਕਕਾਰ ਪ੍ਰੋ: ਅਜਮੇਰ ਸਿੰਘ ਔਲਖ ਨਿਮਨ ਕਿਸਾਨੀ ਅਤੇ ਕਿਰਤੀ ਵਰਗ ਦੀਆਂ ਦੁਸ਼ਵਾਰੀਆਂ ਨੂੰ ਆਪਣੇ ਨਾਟਕਾਂ 'ਚ ਪੇਸ਼ ਕਰਨ ਵਾਲਾ ਸਮਰੱਥ ਨਾਟਕਕਾਰ ਸੀ। ਇਹ ਪ੍ਰਗਟਾਵਾ ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਪੰਜਾਬੀ ਵਿਭਾਗ ਵਲੋਂ ਪ੍ਰੋ: ਔਲਖ ਦੇ ਜਨਮ ਦਿਨ ਨੂੰ ਸਮਰਪਿਤ ਕਰਵਾਏ ਗਏ ਸਮਾਗਮ ਦੌਰਾਨ ਮੁੱਖ ਵਕਤਾ ਡਾ: ਸਤਨਾਮ ਸਿੰਘ ਜੱਸਲ, ਪ੍ਰੋਫੈਸਰ ਕੇਂਦਰੀ ਯੂਨੀਵਰਸਿਟੀ ਬਠਿੰਡਾ ਨੇ ਕੀਤਾ। ਉਨ੍ਹਾਂ ਕਿਹਾ ਕਿ ਔਲਖ ਦੇ ਨਾਟਕਾਂ ਵਿਚਲੀ ਤ੍ਰਾਸਦੀ ਅਸਲ ਵਿੱਚ ਉਨ੍ਹਾਂ ਦੀਆਂ ਹੱਡੀਂ ਹੰਢਾਈਆਂ ਤੰਗੀਆਂ-ਤੁਰਸ਼ੀਆਂ ਦੀ ਉਪਜ ਹੈ। ਉਨ੍ਹਾਂ ਔਲਖ ਦੇ ਨਾਟਕਾਂ 'ਚੋਂ ਹਵਾਲੇ ਦੇ ਕੇ ਸਮਾਜਿਕ, ਆਰਥਿਕ, ਸਭਿਆਚਾਰ ਅਤੇ ਧਾਰਮਿਕ ਪੱਖਾਂ ਬਾਰੇ ਚਰਚਾ ਕੀਤੀ। ਕਾਲਜ ਪ੍ਰਿੰਸੀਪਲ ਜੋਤੀ ਪ੍ਰਕਾਸ਼, ਪੰਜਾਬੀ ਵਿਭਾਗ ਦੇ ਮੁਖੀ ਡਾ: ਸੁਪਨਦੀਪ ਕੌਰ ਨੇ ਪ੍ਰੋ: ਔਲਖ ਦੇ ਜੀਵਨ ਦੇ ਕੁੱਝ ਅਹਿਮ ਪਹਿਲੂ 'ਤੇ ਚਾਨਣਾ ਪਾਇਆ। ਇਸ ਮੌਕੇ ਪ੍ਰੋ: ਕੁਲਦੀਪ ਚੌਹਾਨ, ਪ੍ਰੋ: ਅੰਬੇਸ਼ ਭਾਰਦਵਾਜ, ਪ੍ਰੋ: ਤਨਵੀਰ ਸਿੰਘ, ਪ੍ਰੋ: ਅਮਨਦੀਪ ਸਿੰਘ ਬਠਿੰਡਾ, ਪ੍ਰੋ: ਰਾਵਿੰਦਰ ਸਿੰਘ ਨੇ ਵੀ ਵਿਚਾਰ ਚਰਚਾ 'ਚ ਹਿੱਸਾ ਲਿਆ।

Scanned with CamScanner

੩ ਅਕਤੂਬਰ ੧੯



ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ ਵਿਖੇ ਸਵੱਛਤਾ ਹੀ ਸੇਵਾ ਮੁਹਿੰਮ ਦਾ ਆਗਾਜ਼ ਕਰਨ ਮੌਕੇ ਦੀ ਤਸਵੀਰ। ਅਜੀਤ ਤਸਵੀਰ

Scanned with CamScanner

## ਸਵੱਛਤਾ ਹੀ ਸੇਵਾ ਮੁਹਿੰਮ ਦਾ ਕੀਤਾ ਆਗਾਜ਼

ਮਾਨਸਾ- ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦਾ ਜਨਮ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ। ਐਨ. ਐਸ. ਐਸ. ਦੇ ਪ੍ਰੋਗਰਾਮ ਅਫ਼ਸਰ ਪ੍ਰੋ: ਰਾਵਿੰਦਰ ਸਿੰਘ ਦੀ ਅਗਵਾਈ 'ਚ ਕਰਵਾਏ ਸਮਾਗਮ ਮੌਕੇ ਸਵੱਛਤਾ ਹੀ ਸੇਵਾ ਮੁਹਿੰਮ ਦਾ ਆਗਾਜ਼ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਹ ਸਫ਼ਾਈ ਮੁਹਿੰਮ 2 ਤੋਂ 15 ਅਕਤੂਬਰ ਤੱਕ ਚਲਾਈ ਜਾਵੇਗੀ। ਉਨ੍ਹਾਂ ਵਿਦਿਆਰਥੀਆਂ ਨੂੰ ਇਸ ਕਾਰਜ ਪ੍ਰਤੀ ਉਤਸ਼ਾਹਿਤ ਕਰਦਿਆਂ ਕਿਹਾ ਕਿ ਆਦਰਸ਼ ਨਾਗਰਿਕ ਉਹੀ ਹੁੰਦਾ ਹੈ, ਜੋ ਆਪਣੇ ਵਿਚਾਰਾਂ ਤੇ ਕੰਮਾਂ ਨਾਲ ਸਮਾਜ 'ਚ ਫੈਲੇ ਅੰਧਕਾਰ ਨੂੰ ਦੂਰ ਕਰਦਾ ਹੈ। ਵੱਡੀ ਗਿਣਤੀ 'ਚ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਕਾਲਜ ਕੈਂਪਸ ਦੀ ਸਫ਼ਾਈ ਕੀਤੀ। ਇਸ ਮੌਕੇ ਸੰਬੋਧਨ ਅਤੇ ਸ਼ਾਮਿਲ ਹੋਣ ਵਾਲਿਆਂ 'ਚ ਪ੍ਰੋ: ਸੁਪਨਦੀਪ ਕੌਰ, ਪ੍ਰੋ: ਸੀਮਾ ਜਿੰਦਲ, ਪ੍ਰੋ: ਅਵਿਨਾਸ਼ ਕੁਮਾਰ, ਪ੍ਰੋ: ਕੁਲਦੀਪ ਸਿੰਘ ਢਿੱਲੋਂ, ਪ੍ਰੋ: ਅੰਬੇਸ਼ ਭਾਰਦਵਾਜ, ਪ੍ਰੋ: ਅਮਨਦੀਪ ਸਿੰਘ ਬਠਿੰਡਾ, ਡਾ: ਹਰਵਿੰਦਰ ਕੌਰ, ਪ੍ਰੋ: ਅਜਮੀਤ ਕੌਰ, ਪ੍ਰੋ: ਬਲਜੀਤ ਸਿੰਘ, ਪ੍ਰੋ: ਵਿਕੇਸ਼ ਬਾਂਸਲ, ਪ੍ਰੋ: ਕੁਲਦੀਪ ਚੌਹਾਨ, ਪ੍ਰੋ: ਲੋਕੇਸ਼ ਕੁਮਾਰ ਤੋਂ ਇਲਾਵਾ ਦਫ਼ਤਰੀ ਅਮਲਾ ਓਮ. ਪ੍ਰਕਾਸ਼, ਨਿਸ਼ਾ ਰਾਣੀ, ਗਗਨਦੀਪ ਕੌਰ ਆਦਿ ਹਾਜ਼ਰ ਸਨ।

3 ਅਕਤੂਬਰ

Scanned with CamScanner



ਨਹਿਰੂ ਕਾਲਜ 'ਚ ਰਾਸ਼ਟਰੀ ਏਕਤਾ ਦਿਵਸ ਮਨਾਉਂਦੇ ਹੋਏ ਪ੍ਰੋਫੈਸਰ।

# ਨਹਿਰੂ ਕਾਲਜ 'ਚ ਰਾਸ਼ਟਰੀ ਏਕਤਾ ਦਿਵਸ ਮਨਾਇਆ

**ਪੱਤਰ ਪ੍ਰੇਰਕ, ਮਾਨਸਾ** : ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਸ: ਵੱਲਭ ਭਾਈ ਪਟੇਲ ਦੇ ਜਨਮ ਦਿਵਸ ਨੂੰ ਰਾਸ਼ਟਰੀ ਏਕਤਾ ਦਿਵਸ ਦੇ ਰੂਪ ਵਿਚ ਮਨਾਇਆ ਗਿਆ। ਐੱਨਐੱਸਐੱਸ ਵਿਭਾਗ ਦੇ ਮੁਖੀ ਅਤੇ ਪ੍ਰੋਗਰਾਮ ਅਫ਼ਸਰ ਪ੍ਰੋ: ਰਾਵਿੰਦਰ ਸਿੰਘ ਨੇ ਸ: ਪਟੇਲ ਵਲੋਂ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿਚ ਪਾਏ ਯੋਗਦਾਨ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਉਨਾਂ ਦੁਆਰਾ ਦੇਸ਼ ਦੀ ਏਕਤਾ ਅਤੇ ਆਖੰਡਤਾ ਨੂੰ ਕਾਇਮ ਰੱਖਣ ਲਈ ਕੀਤੇ ਯਤਨ ਹਮੇਸ਼ਾ ਯਾਦ ਰੱਖੇ ਜਾਣਗੇ। ਉਨਾਂ ਦੱਸਿਆ ਕਿ ਭਾਰਤ ਦੇ ਲੋਹ ਪੁਰਸ਼ ਵਜੋਂ ਜਾਣੇ ਜਾਂਦੇ ਸ: ਪਟੇਲ ਨੇ ਆਜ਼ਾਦੀ ਉਪਰੰਤ ਦੇਸੀ ਰਿਆਸਤਾਂ ਨੂੰ ਏਕੇ 'ਚ ਪਰੋਣ ਦਾ ਇਤਿਹਾਸਕ ਕਾਰਜ ਕੀਤਾ ਗਿਆ ਹੈ। ਉਨਾਂ ਕਿਸਾਨੀ ਹੱਕਾਂ ਦੀ ਪ੍ਰਾਪਤੀ ਲਈ ਅੰਗਰੇਜ਼ੀ ਹਕੂਮਤ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ।

ਇਸ ਮੌਕੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਵਲੋਂ ਰਾਸ਼ਟਰੀ ਏਕਤਾ ਅਤੇ ਆਖੰਡਤਾ ਪ੍ਰਤੀ ਵਚਨਬੱਧ ਰਹਿਣ ਦੀ ਸਹੁੰ ਵੀ ਚੁੱਕੀ ਗਈ। ਸੰਬੋਧਨ ਤੇ ਸ਼ਾਮਿਲ ਹੋਣ ਵਾਲਿਆਂ 'ਚ ਪ੍ਰੋ: ਸੁਮਨਦੀਪ ਕੌਰ, ਪ੍ਰੋ: ਸੀਮਾ ਜਿੰਦਲ, ਪ੍ਰੋ: ਅਭੇਸ਼ ਭਾਰਦਵਾਜ, ਪ੍ਰੋ: ਅਵਿਨਾਸ਼ ਕੁਮਾਰ, ਪ੍ਰੋ: ਕੁਲਦੀਪ ਸਿੰਘ ਢਿੱਲੋਂ, ਪ੍ਰੋ: ਕੁਲਦੀਪ ਚੌਹਾਨ, ਪ੍ਰੋ: ਅਜਮੀਤ ਕੌਰ, ਪ੍ਰੋ: ਹਰਵਿੰਦਰ ਕੌਰ, ਪ੍ਰੋ: ਸਿੰਪਲ ਬਾਂਸਲ, ਪ੍ਰੋ: ਲੋਕੇਸ਼ ਕੁਮਾਰ ਆਦਿ ਹਾਜ਼ਰ ਸਨ।

Scanned with CamScanner

# ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ 'ਤੇ ਸਮਾਜ 'ਚ ਏਕਤਾ ਬਰਕਰਾਰ ਰੱਖਣਾ ਜ਼ਰੂਰੀ- ਡਿਪਟੀ ਕਮਿਸ਼ਨਰ

## ਏਕਤਾ, ਅਖੰਡਤਾ ਅਤੇ ਸੁਰੱਖਿਆ ਨੂੰ ਕਾਇਮ ਰੱਖਣ

ਮਾਨਸਾ, 31 ਅਕਤੂਬਰ (ਗੁਰਚੇਤ ਸਿੰਘ ਫੱਤੇਵਾਲੀਆ/ਬਲਵਿੰਦਰ ਸਿੰਘ ਧਾਲੀਵਾਲ)-ਰਾਸ਼ਟਰੀ ਏਕਤਾ ਦਿਵਸ ਮੌਕੇ ਸਰਦਾਰ ਵੱਲਭ ਭਾਈ ਪਟੇਲ ਦੇ ਉਦੇਸ਼ਾਂ ਨੂੰ ਯਾਦ ਕਰਦੇ ਹੋਏ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਰਾਸ਼ਟਰ ਦੀ ਏਕਤਾ, ਅਖੰਡਤਾ ਅਤੇ ਸੁਰੱਖਿਆ ਨੂੰ ਬਰਕਰਾਰ ਰੱਖਣ ਲਈ ਖ਼ੁਦ ਨੂੰ ਸਮਰਪਿਤ ਕਰਨ ਦੀ ਸਹੁੰ ਚੁਕਾਈ ਗਈ। ਡਿਪਟੀ ਕਮਿਸ਼ਨਰ ਅਪਨੀਤ ਰਿਆਤ ਨੇ ਅਧਿਕਾਰੀਆਂ/ਕਰਮਚਾਰੀਆਂ ਨੂੰ ਆਪਣੇ ਮਨਾਂ ਅੰਦਰ ਦੇਸ਼ ਦੀ ਏਕਤਾ ਦੀ ਭਾਵਨਾ ਪਰਪੱਕ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਾਨੂੰ ਸਭ ਨੂੰ ਮਿਲ ਕੇ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਅਤੇ ਸਮਾਜ 'ਚ ਏਕਤਾ ਬਰਕਰਾਰ ਰੱਖਣ ਲਈ ਇੱਕਜੁੱਟ ਹੋ ਕੇ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਦੇਸ਼ ਦੀ ਏਕਤਾ, ਅਖੰਡਤਾ ਅਤੇ ਸੁਰੱਖਿਆ ਨੂੰ ਬਰਕਰਾਰ ਰੱਖਿਆ ਜਾ ਸਕੇ। ਇਸ ਮੌਕੇ ਦੇਸ਼ ਦੀ ਏਕਤਾ, ਅਖੰਡਤਾ ਅਤੇ ਸੁਰੱਖਿਆ ਨੂੰ ਬਣਾਏ ਰੱਖਣ ਦੇ ਮੰਤਵ ਨਾਲ ਲੋਕਾਂ ਨੂੰ ਜਾਗਰੂਕ ਕਰਨ ਲਈ ਅੱਜ ਤਿੰਨ ਕੋਣੀ ਚੌਕ ਤੋਂ ਸਟੇਸ਼ਨ ਤੱਕ 'ਏਕਤਾ ਲਈ ਦੌੜ' ਵੀ ਲਗਵਾਈ ਗਈ, ਜਿਸ ਨੂੰ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਰਘਬੀਰ ਸਿੰਘ ਮਾਨ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੇਸ਼ ਤ੍ਰਿਪਾਠੀ, ਸਹਾਇਕ ਕਮਿਸ਼ਨਰ (ਜ) ਨਵਦੀਪ ਕੁਮਾਰ ਆਦਿ ਹਾਜ਼ਰ ਸਨ।



ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ ਵਿਖੇ ਸਹੁੰ ਚੁੱਕਦੇ ਹੋਏ ਅਧਿਆਪਕ ਤੇ ਵਲੰਟੀਅਰ। ਤਸਵੀਰ : ਸੇਮੀ ਮਾਨਸਾ

### ਨਹਿਰੂ ਕਾਲਜ 'ਚ ਰਾਸ਼ਟਰੀ ਏਕਤਾ ਦਿਵਸ ਮਨਾਇਆ

ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਸ. ਵੱਲਭ ਭਾਈ ਪਟੇਲ ਦੇ ਜਨਮ ਦਿਵਸ ਨੂੰ ਰਾਸ਼ਟਰੀ ਏਕਤਾ ਦਿਵਸ ਦੇ ਰੂਪ ਵਿਚ ਮਨਾਇਆ ਗਿਆ। ਐਨ.ਐਸ.ਐਸ. ਵਿਭਾਗ ਦੇ ਮੁਖੀ ਅਤੇ ਪ੍ਰੋਗਰਾਮ ਅਫ਼ਸਰ ਪ੍ਰੋ. [illegible] ਸਿੰਘ ਨੇ ਦੱਸਿਆ ਕਿ ਉਨ੍ਹਾਂ [illegible] ਸੀ। ਇਸ ਮੌਕੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵਲੋਂ ਰਾਸ਼ਟਰੀ ਏਕਤਾ ਅਤੇ ਅਖੰਡਤਾ ਪ੍ਰਤੀ ਵਚਨਬੱਧ ਰਹਿਣ ਦੀ ਸਹੁੰ ਵੀ ਚੁੱਕੀ ਗਈ। ਸਮਾਗਮ 'ਚ ਸ਼ਾਮਿਲ ਹੋਣ ਵਾਲਿਆਂ 'ਚ ਪ੍ਰੋ. ਕੁਲਦੀਪ ਕੌਰ, ਪ੍ਰੋ. ਸੀਮਾ ਸਿੰਗਲਾ, ਪ੍ਰੋ. [illegible], ਪ੍ਰੋ. ਅਵਿਨਾਸ਼ ਕੁਮਾਰ, ਪ੍ਰੋ. ਕੁਲਦੀਪ ਸਿੰਘ ਢਿੱਲੋਂ, ਪ੍ਰੋ. ਕੁਲਦੀਪ ਚੌਹਾਨ, ਪ੍ਰੋ. [illegible] ਕੌਰ, ਪ੍ਰੋ. ਹਰਵਿੰਦਰ ਕੌਰ, ਪ੍ਰੋ. [illegible] ਬਾਂਸਲ, ਪ੍ਰੋ. [illegible] ਕੁਮਾਰ ਆਦਿ ਹਾਜ਼ਰ ਸਨ।

ਮਾਲਵਾ 1/11/2018

Scanned with CamScanner

# ਐਨ. ਐਸ. ਐਸ. ਕੈਂਪ ਦੌਰਾਨ ਵਲੰਟੀਅਰਾਂ ਨੇ ਕਾਲਜ ਕੈਂਪਸ ਦੀ ਨੁਹਾਰ ਬਦਲੀ

ਮਾਨਸਾ, 1 ਫਰਵਰੀ (ਬਲਵਿੰਦਰ ਸਿੰਘ ਧਾਲੀਵਾਲ)- ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਸੱਤ ਰੋਜ਼ਾ ਐਨ.ਐਸ.ਐਸ. ਕੈਂਪ ਦੌਰਾਨ ਵਲੰਟੀਅਰਾਂ ਨੇ ਕਾਲਜ ਕੈਂਪਸ ਦੀ ਨੁਹਾਰ ਬਦਲ ਦਿੱਤੀ ਹੈ। ਵਲੰਟੀਅਰਾਂ ਵਲੋਂ ਨਵੇਂ ਪਾਰਕਾਂ ਦਾ ਨਿਰਮਾਣ ਕੀਤਾ ਗਿਆ ਤੇ ਕਿਆਰੀਆਂ ਬਣਾ ਕੇ ਵੰਨ-ਸਵੰਨੇ ਫੁੱਲ-ਬੂਟੇ ਵੀ ਲਗਾਏ ਗਏ। ਇਮਾਰਤ ਦੇ ਪਿਛਲੇ ਹਿੱਸੇ ਵਿਚ ਲੱਗੇ ਗੰਦਗੀ ਤੇ ਰਹਿੰਦ-ਖੂਹਿੰਦ ਦੇ ਢੇਰਾਂ ਨੂੰ ਸਾਫ਼ ਕਰ ਕੇ ਰਸਤਾ ਪੱਧਰ ਕੀਤਾ ਗਿਆ। ਬਾਹਰੀ ਚਾਰ-ਦੀਵਾਰੀ ਦੇ ਆਲੇ-ਦੁਆਲੇ ਦੀ ਸਫ਼ਾਈ ਕਰਕੇ ਭਰਤ ਵੀ ਪਾਈ ਗਈ। ਕੈਂਪ ਦਾ ਉਦਘਾਟਨ ਹਮਦਰਦ ਵਿਰਾਸਤੀ ਮੇਲੇ 'ਚੋਂ ਪੰਜਾਬਣ ਮੁਟਿਆਰ ਦਾ ਖ਼ਿਤਾਬ ਜੇਤੂ ਪ੍ਰੋ: ਹਰਜੀਤ ਕੌਰ ਨੇ ਕੀਤਾ ਸੀ ਜਦਕਿ ਸਮਾਪਤੀ ਮੌਕੇ ਗੁਰਚਰਨ ਸਿੰਘ ਸਮਾਘ ਸੇਵਾ ਮੁਕਤ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਨੇ ਵਿਦਿਆਰਥੀਆਂ ਦੇ ਰੂ-ਬਰੂ ਹੋਏ। ਗੁਰਬਚਨ ਸਿੰਘ ਸਮਾਘ ਨੇ ਕਿਹਾ ਕਿ ਅਜਿਹੇ ਕੈਂਪ ਨੌਜਵਾਨਾਂ ਦੀ ਸ਼ਖ਼ਸੀਅਤ ਤੇ ਬਹੁਪੱਖੀ ਵਿਕਾਸ ਲਈ ਲਾਹੇਵੰਦ ਸਾਬਤ ਹੁੰਦੇ ਹਨ। ਪ੍ਰਿੰਸੀਪਲ ਜੋਯਤੀ ਪ੍ਰਕਾਸ਼ ਨੇ ਕਿਹਾ ਕਿ ਐਨ.ਐਸ.ਐਸ. ਵਿਭਾਗ ਦੀਆਂ ਗਤੀਵਿਧੀਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਹਰ ਸੰਭਵ ਸਹਾਇਤਾ ਕਰਨਗੇ। ਪ੍ਰੋਗਰਾਮ ਅਫ਼ਸਰ ਪ੍ਰੋ. ਰਾਵਿੰਦਰ ਸਿੰਘ ਨੇ ਦੱਸਿਆ ਕਿ ਸੱਤ ਰੋਜ਼ਾ ਕੈਂਪ ਵਿਚ ਜਿਥੇ ਸਮਾਜਿਕ ਲਾਹਨਤਾਂ ਖ਼ਿਲਾਫ਼ ਲੈਕਚਰ ਕਰਵਾ ਕੇ ਵਲੰਟੀਅਰਾਂ ਨੂੰ ਜਾਗਰੂਕ ਕੀਤਾ ਗਿਆ ਉਥੇ ਇਹ ਸੁਨੇਹਾ ਸਮਾਜ ਤੱਕ ਪਹੁੰਚਾਉਣ ਲਈ ਰੈਲੀਆਂ ਵੀ ਕੀਤੀਆਂ ਗਈਆਂ। ਚੰਗੀ ਕਾਰਗੁਜ਼ਾਰੀ ਵਾਲੇ ਸੁਖਵਿੰਦਰ ਸਿੰਘ, ਜਸਵੀਰ ਸਿੰਘ, ਗੁਰਪ੍ਰੀਤ ਕੌਰ ਅਤੇ ਕਿਰਨਦੀਪ ਕੌਰ ਨੂੰ ਸਰਬੋਤਮ ਵਲੰਟੀਅਰ ਐਲਾਨਿਆ ਗਿਆ। ਇਸ ਮੌਕੇ ਵਲੰਟੀਅਰ ਗੁਰਪ੍ਰੀਤ ਰਾਮ, ਹਰਪ੍ਰੀਤ ਕੌਰ, ਕਿਰਨਜੀਤ ਕੌਰ, ਗੁਰਜੰਟ ਸਿੰਘ, ਮਨਯੋਗ ਸਿੰਘ, ਅਮ੍ਰਿਤਪਾਲ ਸਿੰਘ, ਸੋਨਾ ਰਾਣੀ, ਬੱਬੂ ਸਿੰਘ, ਤਰਲੋਕ ਚੰਦ, ਰਾਧਾ ਸੁਆਮੀ, ਜਸਪ੍ਰੀਤ ਸਿੰਘ ਆਦਿ ਨੇ ਕਵਿਤਾਵਾਂ, ਕਵਿਸ਼ਰੀ, ਗੀਤ ਤੇ ਗ਼ਜ਼ਲਾਂ ਦੀ ਪੇਸ਼ਕਾਰੀ ਕੀਤੀ। ਇਸ ਮੌਕੇ ਪ੍ਰੋ. ਕੁਲਦੀਪ ਸਿੰਘ ਪ੍ਰੋਗਰਾਮ ਅਫ਼ਸਰ, ਪ੍ਰੋ. ਸੁਪਨਦੀਪ ਕੌਰ, ਪ੍ਰੋ. ਸੀਮਾ ਜਿੰਦਲ, ਪ੍ਰੋ. ਅੰਬੇਸ਼ ਭਾਰਦਵਾਜ, ਪ੍ਰੋ. ਕੁਲਦੀਪ ਚੌਹਾਨ, ਪ੍ਰੋ. ਅਜਮੀਤ ਕੌਰ, ਪ੍ਰੋ. ਰਮਨਦੀਪ ਕੌਰ ਆਦਿ ਹਾਜ਼ਰ ਸਨ।




ਕੈਂਪ ਦੇ ਸਰਬੋਤਮ ਵਲੰਟੀਅਰ ਨੂੰ ਸਨਮਾਨਿਤ ਕਰਦੇ ਹੋਏ ਗੁਰਚਰਨ [illegible] ਘ ਤੇ ਕਾਲਜ ਪ੍ਰਬੰਧਕ।

ਅਜੀਤ ਤਸਵੀਰ

Scanned with CamScanner

ਪੰਜਾਬੀ ਜਾਗਰਣ 13/3/2019

www.punjabi.jagran.com



ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ 'ਚ ਕਰਵਾਏ ਮੁਕਾਬਲੇ ਦੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕਰਦੇ ਹੋਏ ਪ੍ਰਬੰਧਕ।

# ਔਰਤਾਂ ਨੂੰ ਅਧਿਕਾਰਾਂ ਪ੍ਰਤੀ ਜਾਗਰੂਕ ਰਹਿਣ ਲਈ ਪ੍ਰੇਰਿਆ

**ਸੁਰਿੰਦਰ ਲਾਲੀ, ਮਾਨਸਾ**

ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਚ ਹਿੰਦੀ ਵਿਭਾਗ ਦੁਆਰਾ ਪ੍ਰਿੰਸੀਪਲ ਜਯੋਤੀ ਪ੍ਰਕਾਸ਼ ਦੀ ਅਗਵਾਈ ਵਿਚ 'ਮਹਿਲਾ ਸ਼ਸ਼ਕਤੀਕਰਨ' ਵਿਸ਼ੇ 'ਤੇ ਭਾਸ਼ਣ ਤੇ ਕਵਿਤਾ ਉਚਾਰਣ ਮੁਕਾਬਲੇ ਕਰਵਾਏ ਗਏ। ਇਸ ਮੌਕੇ ਵਿਭਾਗ ਦੇ ਮੁੱਖੀ ਪ੍ਰੋ. ਹਰਵਿੰਦਰ ਕੌਰ ਨੇ ਮਹਿਲਾਵਾਂ ਦੇ ਕਾਨੂੰਨੀ ਅਧਿਕਾਰਾਂ ਦੀ ਜਾਣਕਾਰੀ ਦਿੰਦੇ ਹੋਏ ਜਾਗਰੂਕ ਰਹਿਣ ਲਈ ਪ੍ਰੇਰਿਤ ਕੀਤਾ। ਇਸ ਦੌਰਾਨ ਵਿਦਿਆਰਥਣਾਂ ਦੇ ਭਾਸ਼ਣ ਅਤੇ ਕਵਿਤਾ ਉਚਾਰਣ ਮੁਕਾਬਲੇ ਦੌਰਾਨ ਇਹ ਗੱਲ ਉਭਰਕੇ ਸਾਹਮਣੇ ਆਈ ਕਿ ਸਿੱਖਿਅਤ ਹੋਣ ਅਤੇ ਮਹਿਲਾਵਾਂ ਦੇ ਹੱਕ ਵਿਚ ਕਾਨੂੰਨ ਬਣਨ ਦੇ ਬਾਵਜੂਦ ਔਰਤਾਂ ਆਪਣੇ ਹੱਕਾਂ ਤੋਂ ਵਾਂਝੀਆਂ ਹਨ। ਭਾਸ਼ਣ ਅਤੇ ਕਵਿਤਾ ਮੁਕਾਬਲੇ ਵਿਚ ਬੀਏ ਭਾਗ ਦੂਜਾ ਦੀ ਵਿਦਿਆਰਥਣ ਗਗਨਪ੍ਰੀਤ ਕੌਰ ਅਤੇ ਕੁਲਵਿੰਦਰ ਕੌਰ ਨੇ ਕ੍ਰਮਵਾਰ ਪਹਿਲਾ ਸਥਾਨ ਹਾਸਲ ਕੀਤਾ। ਬੀਏ ਭਾਗ ਪਹਿਲਾ ਦੇ ਵਿਦਿਆਰਥੀ ਜਸਪ੍ਰੀਤ ਸਿੰਘ ਵੱਲੋਂ ਔਰਤਾ ਦੇ ਹੱਕ ਵਿਚ ਬਹੁਤ ਜੋਸ਼ੀਲੇ ਵਿਚਾਰ ਪੇਸ਼ ਕੀਤੇ ਗਏ। ਹਿੰਦੀ ਵਿਭਾਗ ਵੱਲੋਂ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਇਨਾਮ ਦੇ ਕੇ ਹੌਸਲਾ ਅਫਜਾਈ ਕੀਤੀ ਗਈ। ਇਸ ਮੌਕੇ ਪ੍ਰੋ. ਸੁਪਨਦੀਪ ਕੌਰ ਨੇ ਇਸ ਸਮਾਗਮ ਲਈ ਹਿੰਦੀ ਵਿਭਾਗ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਮੁਕਾਬਲੇ ਵਿਚ ਜੱਜ ਦੀ ਭੂਮਿਕਾ ਪ੍ਰੋ. ਸੀਮਾ ਜਿੰਦਲ, ਪ੍ਰੋ. ਸਿੰਪਲ ਬਾਂਸਲ ਅਤੇ ਪ੍ਰੋ. ਪ੍ਰਤਿਭਾ ਜਿੰਦਲ ਨੇ ਨਿਭਾਈ। ਮੰਚ ਸੰਚਲਾਨ ਪ੍ਰੋ. ਸੋਨਮ ਚਾਵਲਾ ਵਲੋਂ ਕੀਤਾ ਗਿਆ। ਇਸ ਮੌਕੇ ਪ੍ਰੋ. ਰਜਨੀ ਬਾਲਾ, ਪ੍ਰੋ. ਅਜਮੀਤ ਕੌਰ, ਪ੍ਰੋ. ਆਸ਼ੂ ਗਰਗ, ਪ੍ਰੋ. ਰਮਨਦੀਪ ਕੌਰ ਵੀ ਮੌਜੂਦ ਸਨ।

Scanned with CamScanner

ਵਿਚਾਰਾਂ

**ਲਿੰਗ ਸਮਾਨਤਾ 'ਤੇ ਤਿੰਨ ਰੋਜ਼ਾ ਵਰਕਸ਼ਾਪ ਨਹਿਰੂ ਮੈਮੋਰੀਅਲ ਕਾਲਜ ਵਿਖੇ ਕਰਵਾਈ**

# ਔਰਤਾਂ 'ਤੇ ਹੋ ਰਹੇ ਅੱਤਿਆਚਾਰ ਸਬੰਧੀ ਕੀਤੀਆਂ ਵਿਚਾਰਾਂ

**ਪ੍ਰਿਤਪਾਲ ਸਿੰਘ, ਮਾਨਸਾ**



ਨਹਿਰੂ ਕਾਲਜ ਮਾਨਸਾ ਵਿਖੇ ਡਾ. ਛਵੀ ਗੋਇਲ ਵਿਦਿਆਰਥਣਾਂ ਨੂੰ ਜਾਣਕਾਰੀ ਦਿੰਦੇ ਹੋਏ।

ਔਰਤਾਂ ਨੂੰ ਸਮਾਜ ਦੇ ਹਰ ਖੇਤਰ ਵਿਚ ਸਮਾਨ ਅਧਿਕਾਰ ਹਾਸਲ ਹਨ, ਭਾਵੇਂ ਉਹ ਸਮਾਜ ਦੇ ਕਿਸੇ ਵੀ ਹਿੱਸੇ 'ਚੋਂ ਹੋਣ। ਔਰਤਾਂ ਨੂੰ ਹਮੇਸ਼ਾ ਹੀ ਘਰੇਲੂ ਮਾਰ ਕੁੱਟ ਅਤੇ ਲਿੰਗ ਸਮਾਨਤਾ ਲਈ ਆਪਣੀ ਆਵਾਜ਼ ਬੁਲੰਦ ਰੱਖਣੀ ਚਾਹੀਦੀ ਹੈ ਤਾਂ ਜੋ ਉਹ ਨਾ ਸਿਰਫ਼ ਆਪਣੇ ਉੱਤੇ ਕੀਤੀਆਂ ਜਾ ਰਹੀਆਂ ਵਧੀਕੀਆਂ ਖ਼ਿਲਾਫ਼ ਬੋਲ ਸਕਣ ,ਬਲਕਿ ਆਪਣੇ ਆਸਪਾਸ ਦੀਆਂ ਔਰਤਾਂ ਨੂੰ ਵੀ ਇਸ ਤਰੀਕੇ ਦੇ ਦੁਖਾਂਤ ਤੋਂ ਬਚਾ ਸਕਣ।

ਯੂਨਾਈਟਡ ਨੇਸ਼ਨ ਵੂਮੈਨ ਅਤੇ ਵੈਗ ਦੀ ਰਿਸੋਰਸ ਪਰਸਨ ਛਵੀ ਗੋਇਲ ਨੇ ਇਹ ਵਿਚਾਰ ਨਹਿਰੂ ਮੈਮੋਰੀਅਲ ਕਾਲਜ ਵਿਖੇ ਕਰਵਾਈ ਗਈ ਤਿੰਨ ਰੋਜ਼ਾ ਵਰਕਸ਼ਾਪ ਦੇ ਆਖ਼ਰੀ ਦਿਨ ਤੇ ਕਾਲਜ ਦੀਆਂ ਵਿਦਿਆਰਥਣਾਂ ਨਾਲ ਸਾਂਝੇ ਕਰਦਿਆਂ ਰੱਖੇ। ਉਨ੍ਹਾਂ ਦੱਸਿਆ ਕਿ ਇਹ ਤਿੰਨ ਰੋਜ਼ਾ ਵਰਕਸ਼ਾਪ ਪੋਸ਼ਣ ਅਭਿਆਨ ਅਤੇ ਬੇਟੀ ਬਚਾਓ ਬੇਟੀ ਪੜ੍ਹਾਓ ਮੁਹਿੰਮ ਤਹਿਤ ਕਰਵਾਈ ਗਈ। ਇਸ ਵਰਕਸ਼ਾਪ ਦੌਰਾਨ ਛਵੀ ਗੋਇਲ ਨੇ ਕਾਲਜ ਦੀਆਂ ਵਿਦਿਆਰਥਣਾਂ ਅਤੇ ਹੋਰਾਂ ਨਾਲ ਗੱਲਬਾਤ ਕਰਦਿਆਂ ਔਰਤਾਂ ਪ੍ਰਤੀ ਹੋ ਰਹੇ ਅੱਤਿਆਚਾਰ ਨੂੰ ਰੋਕਣ, ਲਿੰਗ ਸਮਾਨਤਾ ਆਦਿ ਬਾਰੇ ਵਿਚਾਰ ਵਟਾਂਦਰਾ ਕੀਤਾ।

ਸਵਸਥ ਭਾਰਤ ਪ੍ਰੇਰਕ ਪੋਸ਼ਣ ਅਭਿਆਨ ਆਦਿੱਤਯ ਮਦਾਨ ਨੇ ਦੱਸਿਆ ਕਿ ਇਹ ਵਰਕਸ਼ਾਪ ਪੋਸ਼ਣ ਪਖਵਾੜੇ ਤਹਿਤ ਕਰਵਾਈ ਗਈ ਜੋ ਕਿ 8 ਮਾਰਚ ਤੋਂ 22 ਮਾਰਚ 2019 ਤੱਕ ਜ਼ਿਲ੍ਹਾ ਮਾਨਸਾ 'ਚ ਮਨਾਇਆ ਜਾ ਰਿਹਾ ਹੈ। ਇਸ ਵਰਕਸ਼ਾਪ ਤੋਂ ਇਲਾਵਾ ਵੀ ਪੋਸ਼ਣ ਅਭਿਆਨ ਤਹਿਤ ਵੱਖ-ਵੱਖ ਗਤੀਵਿਧੀਆਂ ਜ਼ਿਲ੍ਹੇ 'ਚ ਕਰਵਾਈਆਂ ਜਾ ਰਹੀਆਂ ਹਨ।

ਇਸੇ ਤਰਾਂ ਅੱਜ ਜ਼ਿਲ੍ਹੇ ਦੇ ਆਂਗਣਵਾੜੀ ਕੇਂਦਰਾਂ ਵਿਖੇ ਔਰਤਾਂ ਦੀਆਂ ਬੈਠਕਾਂ ਕੀਤੀਆਂ ਗਈਆਂ ਜਿੱਥੇ ਉਨ੍ਹਾਂ ਨੂੰ ਪੋਸ਼ਟਿਕ ਖਾਣੇ ਬਾਰੇ ਜਾਣਕਾਰੀ ਦਿੱਤੀ ਗਈ। ਆਂਗਣਵਾੜੀ ਕੇਂਦਰਾਂ ਵਿਚ ਬੱਚਿਆਂ ਦੀ ਲੰਬਾਈ ਅਤੇ ਉਨ੍ਹਾਂ ਦੇ ਭਾਰ ਵੀ ਰਿਕਾਰਡ ਕੀਤੇ ਗਏ ਤਾਂ ਜੋ ਕੁਪੋਸ਼ਿਤ ਬੱਚੇ ਬਾਰੇ ਸਮੇਂ ਸਿਰ ਪਤਾ ਲੱਗ ਜਾਵੇ ਅਤੇ ਉਸ ਬੱਚੇ ਨੂੰ ਪੋਸ਼ਟਿਕ ਖਾਣਾ ਦੇ ਕੇ ਉਸ ਦੀ ਸਿਹਤ ਵਿਚ ਸੁਧਾਰ ਕੀਤਾ ਜਾ ਸਕੇ। ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਅਵਿਨਾਸ਼ ਕੌਰ ਵਾਲੀਆ ਨੇ ਦੱਸਿਆ ਕਿ ਔਰਤਾਂ ਦੀਆਂ ਬੈਠਕਾਂ ਸੈਕਟਰ ਕੋਟਲਾ ਕਲਾਂ, ਪਿੰਡ ਮੂਲਾ ਸਿੰਘ ਵਾਲਾ, ਬਲਾਕ ਭੀਖੀ ਅਤੇ ਬੱਪੀਆਣਾ, ਹੀਰੋ ਕਲਾਂ ਬਲਾਕ ਭੀਖੀ ਆਦਿ ਵਿਖੇ ਕਰਵਾਈਆਂ ਗਈਆਂ। ਸਿਹਤ ਵਿਭਾਗ ਵੱਲੋਂ ਔਰਤਾਂ 'ਚ ਖ਼ੂਨ ਦੀ ਕਮੀ ਸਬੰਧੀ ਕੈਂਪ ਸਾਰੇ ਬਲਾਕਾਂ ਦੇ ਸਿਹਤ ਕੇਂਦਰਾਂ 'ਚ ਲਗਵਾਏ ਗਏ। ਇਨ੍ਹਾਂ ਕੈਂਪਾਂ ਦਾ ਮੁੱਖ ਮੰਤਵ ਔਰਤਾਂ 'ਚ ਛੋਟੀ ਉਮਰ ਵਿਚ ਹੀ ਖ਼ੂਨ ਦੀ ਕਮੀ ਨੂੰ ਦੂਰ ਕਰਨਾ ਹੈ ਤਾਂ ਜੋ ਉਨ੍ਹਾਂ ਦੀ ਸਿਹਤ ਵਿਚ ਸੁਧਾਰ ਹੋ ਸਕੇ। ਇਸੇ ਤਰਾਂ ਪਿੰਡ ਖਤਰੀਵਾਲਾ ਅਤੇ ਕਣਕਵਾਲ ਵਿਖੇ ਪੋਸ਼ਣ ਮੇਲਾ ਕਰਵਾਇਆ ਗਿਆ।

ਪੰਜਾਬੀ ਜਾਗਰਣ 21/3/2019

Scanned with CamScanner

# ਔਰਤਾਂ ਨੂੰ ਹਰ ਖੇਤਰ 'ਚ ਬਰਾਬਰ ਦੇ ਅਧਿਕਾਰ: ਛਵੀ ਗੋਇਲ

**ਕਾਲਜ ਵਿੱਚ ਲਿੰਗ ਸਮਾਨਤਾ 'ਤੇ ਵਰਕਸ਼ਾਪ**



ਵਰਕਸ਼ਾਪ ਦੌਰਾਨ ਜਾਣਕਾਰੀ ਹਾਸਲ ਕਰਦੀਆਂ ਵਿਦਿਆਰਥਣਾਂ। -ਫੋਟੋ: ਮਾਨ

**ਪੱਤਰ ਪ੍ਰੇਰਕ**

**ਮਾਨਸਾ, 22 ਮਾਰਚ**

ਯੂਨਾਈਟਿਡ ਨੇਸ਼ਨਜ਼ ਵਿਮੈਨ ਤੇ ਵੈਗ ਦੀ ਰਿਸੋਰਸ ਪਰਸਨ ਛਵੀ ਗੋਇਲ ਨੇ ਕਿਹਾ ਕਿ ਔਰਤਾਂ ਨੂੰ ਹਰ ਖੇਤਰ ਵਿੱਚ ਬਰਾਬਰ ਅਧਿਕਾਰ ਹਾਸਲ ਹਨ। ਭਾਵੇਂ ਉਹ ਸਮਾਜ ਦੇ ਕਿਸੇ ਵੀ ਹਿੱਸੇ ਵਿੱਚੋਂ ਹੋਣ। ਔਰਤਾਂ ਨੂੰ ਹਮੇਸ਼ਾਂ ਹੀ ਘਰੇਲੂ ਮਾਰਕੁੱਟ ਅਤੇ ਲਿੰਗ ਸਮਾਨਤਾ ਲਈ ਆਪਣੀ ਆਵਾਜ਼ ਬੁਲੰਦ ਰੱਖਣੀ ਚਾਹੀਦੀ ਹੈ ਤਾਂ ਜੋ ਉਹ ਨਾ ਸਿਰਫ਼ ਆਪਣੇ ਉੱਤੇ ਹੁੰਦੀਆਂ ਵਧੀਕੀਆਂ ਖ਼ਿਲਾਫ਼ ਬੋਲ ਸਕਣ। ਉਹ ਇੱਥੇ ਨਹਿਰੂ ਮੈਮੋਰੀਅਲ ਕਾਲਜ ਵਿੱਚ ਕਰਵਾਈ ਗਈ ਤਿੰਨ ਰੋਜ਼ਾ ਵਰਕਸ਼ਾਪ ਦੇ ਆਖ਼ਰੀ ਦਿਨ ਕਾਲਜ ਦੀਆਂ ਵਿਦਿਆਰਥਣਾਂ ਨੂੰ ਸੰਬੋਧਨ ਕਰ ਰਹੇ ਸਨ।

ਸਵੱਸਥ ਭਾਰਤ ਪੋਸ਼ਣ ਅਭਿਆਨ ਪ੍ਰੇਰਕ ਆਦਿੱਤਿਆ ਮਦਾਨ ਨੇ ਦੱਸਿਆ ਕਿ ਇਹ ਵਰਕਸ਼ਾਪ ਪੋਸ਼ਣ ਪੰਦਰਵਾੜੇ ਤਹਿਤ ਕਰਵਾਈ ਗਈ। ਇਸੇ ਤਰ੍ਹਾਂ ਅੱਜ ਜ਼ਿਲ੍ਹੇ ਦੇ ਆਂਗਣਵਾੜੀ ਕੇਂਦਰਾਂ ਵਿੱਚ ਔਰਤਾਂ ਦੀਆਂ ਬੈਠਕਾਂ ਕੀਤੀਆਂ ਗਈਆਂ, ਜਿੱਥੇ ਉਨ੍ਹਾਂ ਨੂੰ ਪੌਸ਼ਟਿਕ ਖਾਣੇ ਬਾਰੇ ਜਾਣਕਾਰੀ ਦਿੱਤੀ ਗਈ। ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਅਵਿਨਾਸ਼ ਕੌਰ ਵਾਲੀਆ ਨੇ ਦੱਸਿਆ ਕਿ ਔਰਤਾਂ ਦੀਆਂ ਬੈਠਕਾਂ ਸੈਕਟਰ ਕੋਟਲਾ ਕਲਾਂ, ਪਿੰਡ ਮੂਲਾ ਸਿੰਘ ਵਾਲਾ, ਬਲਾਕ ਭੀਖੀ ਅਤੇ ਬੱਪੀਆਣਾ, ਹੀਰੋ ਕਲਾਂ ਬਲਾਕ ਭੀਖੀ ਵਿੱਚ ਕਰਵਾਈਆਂ ਗਈਆਂ। ਸਿਹਤ ਵਿਭਾਗ ਵੱਲੋਂ ਔਰਤਾਂ ਵਿੱਚ ਖ਼ੂਨ ਦੀ ਕਮੀ ਸਬੰਧੀ ਕੈਂਪ ਸਾਰੇ ਬਲਾਕਾਂ ਦੇ ਸਿਹਤ ਕੇਂਦਰਾਂ ਵਿੱਚ ਲਗਵਾਏ ਗਏ। ਇਸੇ ਤਰ੍ਹਾਂ ਪਿੰਡ ਖਤਰੀਵਾਲਾ ਅਤੇ ਕਣਕਵਾਲ ਵਿੱਚ ਪੋਸ਼ਣ ਮੇਲਾ ਕਰਵਾਇਆ ਗਿਆ।

ਪੰਜਾਬੀ ਟ੍ਰਿਬਿਊਨ 23/3/2019

Scanned with CamScanner

23/3/2019 ਪੰਜਾਬੀ ਟ੍ਰਿਬਿਊਨ

# ਸ਼ਹੀਦਾਂ ਦੀ ਵਿਚਾਰਧਾਰਾ 'ਤੇ ਪਹਿਰਾ ਦੇਣ ਦੀ ਲੋੜ

## 23 ਮਾਰਚ ਦੇ ਸ਼ਹੀਦਾਂ ਨੂੰ ਦਿੱਤੀ ਸ਼ਰਧਾਂਜਲੀ, ਵੱਖ-ਵੱਖ ਸਕੂਲਾਂ 'ਚ ਵਿਦਿਆਰਥੀਆਂ ਨੇ ਨਾਟਕ ਤੇ ਕੋਰੀਓਗ੍ਰਾਫ਼ੀ ਨਾਲ ਬੰਨ੍ਹਿਆ ਰੰਗ

ਜਗਤਾਰ ਸਿੰਘ ਧੰਜਲ, ਮਾਨਸਾ





ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ 'ਚ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦੇ ਹੋਏ ਵਿਦਿਆਰਥੀ ਤੇ ਪ੍ਰੋਫੈਸਰ। (ਸੱਜੇ) ਸ਼ਹੀਦ ਭਗਤ ਸਿੰਘ ਦੇ ਬੁੱਤ 'ਤੇ ਹਾਰ ਪਾਉਂਦੇ ਹੋਏ ਮਾਨਸਾ ਸਾਈਕਲ ਗਰੁੱਪ ਦੇ ਮੈਂਬਰ।

## ਨਸ਼ੇ ਤੋਂ ਦੂਰ ਰਹਿ ਕੇ ਨਰੋਇਆ ਸਮਾਜ ਸਿਰਜਣ ਲਈ ਪ੍ਰੇਰਿਆ

ਪੱਤਰ ਪ੍ਰੇਰਕ, ਮਾਨਸਾ : ਸ਼ਹੀਦਾਂ ਦੇ ਸੁਪਨਿਆਂ ਵਾਲਾ ਸਮਾਜ ਸਿਰਜਣ ਲਈ ਹਾਲੇ ਬਹੁਤ ਕੁਝ ਕਰਨਾ ਬਾਕੀ ਹੈ। ਲੋੜ ਹੈ ਦੇਸ਼ ਭਗਤਾਂ ਦੀ ਵਿਚਾਰਧਾਰਾ ਨੂੰ ਸਮਝਣ ਅਤੇ ਅਪਣਾਉਣ ਦੀ ਤਾਂ ਜੋ ਨਰੋਏ ਸਮਾਜ ਦੀ ਸਥਾਪਨਾ ਸੰਭਵ ਹੋ ਸਕੇ। ਇਹ ਇਕ ਸੁਰ ਗੱਲਬਾਤ ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਪ੍ਰਿੰਸੀਪਲ ਜਯੋਤੀ ਪ੍ਰਕਾਸ਼ ਦੀ ਅਗਵਾਈ ਵਿਚ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਰਵਾਏ ਸਮਾਗਮ ਮੌਕੇ ਸਾਹਮਣੇ ਆਈ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਅਤੇ ਨੌਜਵਾਨਾਂ ਵਿਚ ਸਕਾਰਾਤਮਕ ਸੋਚ ਪੈਦਾ ਕਰਨ

ਜਾਵੇ ਜਿਸ ਵਿਚ ਸਮਾਨਤਾ, ਸੁਤੰਤਰਤਾ ਅਤੇ ਭਾਈਚਾਰਾ ਹੋਵੇ। ਬੀਏ ਭਾਗ ਤੀਜਾ ਦੇ ਵਿਦਿਆਰਥੀ ਜਸਪ੍ਰੀਤ ਸਿੰਘ ਅਤੇ ਬੀਏ ਭਾਗ ਪਹਿਲਾ ਦੇ ਵਿਦਿਆਰਥੀ ਜਸਪ੍ਰੀਤ ਸਿੰਘ ਨੇ ਕ੍ਰਾਂਤੀਕਾਰੀ ਰਾਜਗੁ[illegible] ਅਤੇ ਸੁਖਦੇਵ ਸਿੰਘ ਬਾਰੇ ਗੱਲ[illegible] ਕਰਦਿਆਂ ਉਨ੍ਹਾਂ ਦੀ ਸ਼ਹਾਦਤ ਸਿਜਦਾ ਕੀਤਾ। ਉਨ੍ਹਾਂ ਕਿਹਾ ਸ਼ਹੀਦਾਂ ਦੀਆਂ ਜਾਨਾਂ ਦੀ ਸ਼ਹਾਦਤ [illegible] ਹੀ ਅੱਜ ਅਸੀਂ ਅਜ਼ਾਦੀ ਦਾ ਨਿੱਘ [illegible] ਰਹੇ ਹਾਂ। ਉਨ੍ਹਾਂ ਨੌਜਵਾਨਾਂ ਨੂੰ [illegible] ਦਿੱਤਾ ਕਿ ਉਹ ਨਸ਼ੇ ਅਤੇ ਹੋਰ [illegible] ਤੋਂ ਦੂਰ ਰਹਿ ਕੇ ਸ਼ਹੀਦਾਂ ਦੇ ਸੁਪਨਿ[illegible] ਸਮਾਜ ਸਿਰਜਣ ਲਈ ਅੱਗੇ [illegible]

ਪ੍ਰੋ. ਰਾਵਿੰਦਰ ਸਿੰਘ ਅਤੇ ਪ੍ਰੋ. [illegible] ਚੌਹਾਨ ਨੇ ਦੇਸ਼ ਭਗਤਾਂ ਦੀ ਵਿ[illegible]

ਪੰਜਾਬੀ ਜਾਗਰਣ Date 21/8/2019



ਸਰਕਾਰੀ ਕਾਲਜ ਵਿਖੇ ਨਾਟਕ ਦੀ ਪੇਸ਼ਕਾਰੀ ਦਿੰਦੇ ਕਲਾਕਾਰ।

# ਪ੍ਰੋ. ਅਜਮੇਰ ਔਲਖ ਦਾ ਮਨਾਇਆ ਜਨਮਦਿਨ

ਪੱਤਰ ਪ੍ਰੇਰਕ, ਮਾਨਸਾ

ਪੰਜਾਬੀ ਟ੍ਰਿਬਿਊਨ 21/8/2019

# ਨਾਟਕਕਾਰ ਦੇ ਜਨਮ ਦਿਵਸ ਮੌਕੇ ਸਮਾਗਮ

ਨਿੱਜੀ ਪੱਤਰ ਪ੍ਰੇਰਕ

ਮਾਨਸਾ , 20 ਅਗਸਤ

ਪ੍ਰੋ. ਅਜਮੇਰ ਔਲਖ ਆਪਣੇ ਨਾਟਕਾਂ ਰਾਹੀਂ ਨਿਮਨ ਕਿਸਾਨੀ ਤੇ ਕਿਰਤੀਆਂ ਦੇ ਵਿਹੜਿਆਂ ਦੀ ਬਾਤ ਪਾਉਂਦਾ ਹੈ। ਉਹ ਸਾਰੀ ਉਮਰ ਕਰਮਯੋਗੀ ਰਿਹਾ ਅਤੇ ਵੱਖ-ਵੱਖ ਲੋਕਪੱਖੀ ਸੰਸਥਾਵਾਂ ਰਾਹੀਂ ਲੋਕ ਹੱਕਾਂ ਲਈ ਲੜਦੇ ਰਹੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਚ ਪ੍ਰਿੰਸੀਪਲ ਜਯੋਤੀ ਪ੍ਰਕਾਸ਼ ਦੀ ਅਗਵਾਈ 'ਚ ਪ੍ਰੋ. ਅਜਮੇਰ ਸਿੰਘ ਔਲਖ ਦੇ ਜਨਮ ਦਿਵਸ ਮੌਕੇ ਕਾਲਜ ਦੇ ਭਾਸ਼ਾਵਾਂ ਵਿਭਾਗ ਵੱਲੋਂ ਕਰਵਾਏ ਸਮਾਗਮ ਦੌਰਾਨ ਪ੍ਰੋ. ਅਜਮੇਰ ਔਲਖ ਦੀ ਪਤਨੀ ਮਨਜੀਤ ਔਲਖ ਨੇ ਕੀਤਾ। ਉਨ੍ਹਾਂ ਕਿਹਾ ਕਿ ਪ੍ਰੋ. ਔਲਖ ਨੇ ਆਪਣੇ ਪਰਿਵਾਰਕ ਤੇ ਰੰਗਮੰਚੀ ਜੀਵਨ ਵਿੱਚ ਹਮੇਸ਼ਾ ਸੰਤੁਲਨ ਬਣਾਈ ਰੱਖਿਆ, ਕਿਉਂਕਿ ਉਹ ਰੰਗਮੰਚ ਨੂੰ ਹੀ ਆਪਣਾ ਪਰਿਵਾਰ ਸਮਝਦੇ ਸਨ। ਪ੍ਰੋ. ਸੀਮਾ ਜਿੰਦਲ ਮੁੱਖੀ ਅੰਗਰੇਜ਼ੀ ਵਿਭਾਗ ਨੇ ਆਪਣੇ ਸਵਾਗਤੀ ਸ਼ਬਦਾਂ ਵਿੱਚ ਪ੍ਰੋ. ਔਲਖ ਦੇ ਜੀਵਨ ਤੇ ਉਨ੍ਹਾਂ ਦੇ ਪਰਿਵਾਰ ਦੁਆਰਾ ਰੰਗਮੰਚ ਦੇ ਖੇਤਰ 'ਚ ਪਾਏ ਯੋਗਦਾਨ ਨੂੰ ਵੱਡੀ ਪ੍ਰਾਪਤੀ ਦੱਸਿਆ। ਡਾ. ਸੁਪਨਦੀਪ ਕੌਰ ਮੁਖੀ ਪੰਜਾਬੀ ਵਿਭਾਗ ਨੇ ਪ੍ਰੋ. ਔਲਖ ਦੇ ਜੀਵਨ ਦੇ ਵੱਖ-ਵੱਖ ਪਹਿਲੂਆਂ 'ਤੇ ਚਾਨਣਾ ਪਾਉਂਦਿਆਂ ਉਨ੍ਹਾਂ ਨੂੰ ਯਾਦ ਕੀਤਾ। ਇਸ ਮੌਕੇ ਪ੍ਰੋ. ਚਰਨਜੀਤ ਸਿੰਘ, ਮਨਜੀਤ ਸਿੰਘ, ਸੁਭਾਸ਼ ਬਿੱਟੂ, ਡਾ. ਹਰਵਿੰਦਰ ਕੌਰ ਨੇ ਵੀ ਸੰਬੋਧਨ ਕੀਤਾ।



ਸਮਾਗਮ ਦੌਰਾਨ ਨੁੱਕੜ ਨਾਟਕ ਪੇਸ਼ ਕਰ ਰਹੇ ਕਲਾਕਾਰ ਅਤੇ ਮਨਜੀਤ ਔਲਖ। -ਫੋਟੋ ਜਟਾਣਾ

Scanned with CamScanner

ਪੰਜਾਬੀ ਜਾਗਰਣ Date 19/9/19



ਜੇਤੂ ਵਿਦਿਆਰਥੀਆਂ ਨਾਲ ਕਾਲਜ ਪ੍ਰੋਫੈਸਰ।

# 'ਹਿੰਦੀ ਭਾਸ਼ਾ ਰਾਸ਼ਟਰ ਨੂੰ ਇਕ ਸੂਰਤ 'ਚ ਜੋੜਦੀ'

**ਪੱਤਰ ਪ੍ਰੇਰਕ, ਮਾਨਸਾ :** ਹਿੰਦੀ ਭਾਸ਼ਾ ਰਾਸ਼ਟਰ ਨੂੰ ਇਕ ਸੂਤਰ ਵਿਚ ਜੋੜਦੀ ਹੈ। ਇਹ ਵਿਚਾਰ ਹਿੰਦੀ ਵਿਭਾਗ ਦੇ ਮੁਖੀ ਡਾ. ਹਰਵਿੰਦਰ ਕੌਰ ਨੇ ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ 'ਹਿੰਦੀ ਦਿਵਸ' ਮਨਾਉਣ ਮੌਕੇ ਵਿਦਿਆਰਥੀਆਂ ਦੇ ਸਨਮੁੱਖ ਹੁੰਦਿਆਂ ਰੱਖੇ। ਡਾ. ਹਰਵਿੰਦਰ ਕੌਰ ਨੇ ਕਿਹਾ ਕਿ ਭਾਸ਼ਾ ਦੀ ਅਮੀਰੀ ਉਦੋਂ ਹੀ ਹੋ ਸਕਦੀ ਹੈ, ਜਦੋਂ ਹਰ ਇਨਸਾਨ ਹਰ ਭਾਸ਼ਾ ਸਿੱਖਣ ਨੂੰ ਤਰਜੀਹ ਦਿੰਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਸੱਦਾ ਦਿੱਤਾ ਕਿ ਉਹ ਆਪਣੀ ਮਾਤਰ ਪੰਜਾਬੀ ਭਾਸ਼ਾ ਦੇ ਨਾਲ-ਨਾਲ ਹੋਰ ਭਾਸ਼ਾਵਾਂ ਵਿਚ ਵੀ ਪਰਪੱਕ ਬਣਨ ਤਾਂ ਜੋ ਦੇਸ਼ ਦਾ ਸਰਬਪੱਖੀ ਵਿਕਾਸ ਹੋ ਸਕੇ। ਪ੍ਰੋ. ਪ੍ਰਤਿਭਾ ਜਿੰਦਲ ਅਤੇ ਪ੍ਰੋ. ਸਿੰਪਲ ਬਾਂਸਲ ਨੇ ਹਿੰਦੀ ਭਾਸ਼ਾ ਦੇ ਵਿਕਾਸ ਅਤੇ ਪ੍ਰਸਾਰ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਦਿਨ ਪ੍ਰਤੀ ਦਿਨ ਹਿੰਦੀ ਭਾਸ਼ਾ ਦਾ ਸ਼ਬਦਕੋਸ਼ ਬਾਕੀ ਭਾਸ਼ਾਵਾਂ ਨਾਲੋਂ ਕਿਤੇ ਜ਼ਿਆਦਾ ਵੱਧ ਰਿਹਾ ਹੈ, ਜੋ ਇਸ ਭਾਸ਼ਾ ਦੀ ਪ੍ਰਫੁੱਲਤਾ ਨੂੰ ਦਰਸਾਉਂਦਾ ਹੈ। ਇਸ ਮੌਕੇ ਹਿੰਦੀ ਭਾਸ਼ਾ ਨਾਲ ਸੰਬੰਧਿਤ ਪ੍ਰਸ਼ਨੋਤਰੀ ਮੁਕਾਬਲੇ ਕਰਵਾਏ ਗਏ ਅਤੇ ਜੇਤੂ ਵਿਦਿਆਰਥੀਆਂ ਜਸਪ੍ਰੀਤ ਸਿੰਘ, ਗਗਨਦੀਪ ਕੌਰ, ਨਾਨਕ ਸਿੰਘ, ਸੋਮਾ ਰਾਣੀ, ਅਮਨਦੀਪ ਕੌਰ ਅਤੇ ਕੁਲਵਿੰਦਰ ਕੌਰ ਨੂੰ ਇਨਾਮ ਦੇਕੇ ਸਨਮਾਨਿਤ ਕੀਤਾ ਗਿਆ।

Scanned with CamScanner

ਪੰਜਾਬੀ ਜਾਗਰਣ 3/10/19



ਵਿਦਿਆਰਥੀ ਪਲਾਸਟਿਕ ਘਟਾਓ, ਧਰਤੀ ਬਚਾਓ' ਦਾ ਸੱਦਾ ਦਿੰਦੇ ਹੋਏ।

# ਕੱਪੜੇ ਦੇ ਥੈਲੇ ਵਰਤਣ ਦੀ ਦਿੱਤੀ ਸਲਾਹ

**ਵਾਤਾਵਰਨ ਸੰਭਾਲ**

- ਵਿਦਿਆਰਥੀਆਂ ਨੇ ਵੱਡੀ ਮਾਤਰਾ 'ਚ ਪਲਾਸਟਿਕ ਕੀਤਾ ਇੱਕਠਾ
- ਪਲਾਸਟਿਕ ਘਟਾਓ, ਧਰਤੀ ਬਚਾਓ ਦਾ ਦਿੱਤਾ ਸੁਨੇਹਾ

**ਪੱਤਰ ਪ੍ਰੇਰਕ, ਮਾਨਸਾ** : ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੇ 150 ਸਾਲਾਂ ਜਨਮ ਦਿਵਸ ਨੂੰ ਸਮਰਪਿਤ ਜ਼ਿਲ੍ਹਾ ਪ੍ਰਸ਼ਾਸਨ ਤੇ ਨਗਰ ਕੌਂਸਲ ਦੇ ਸਹਿਯੋਗ ਨਾਲ ਪਲਾਸਟਿਕ ਦੀ ਵਰਤੋਂ ਨਾ ਕਰਨ ਸਬੰਧੀ ਚਲਾਈ ਮੁਹਿੰਮ ਤਹਿਤ ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਦੇ ਵਿਦਿਆਰਥੀਆਂ ਨੇ ਸ਼ਹਿਰ ਦੇ ਵੱਖ-ਵੱਖ ਵਾਰਡਾਂ 'ਚ ਜਾ ਕੇ ਪਲਾਸਟਿਕ ਦੀ ਵਰਤੋਂ ਨਾ ਕਰਨ ਦਾ ਸੁਨੇਹਾ ਦਿੱਤਾ। ਵਾਰਡ ਨੰ. 14, 15 ਅਤੇ ਪੁਰਾਣੀ ਸ਼ਬਜੀ ਮੰਡੀ ਵਿਖੇ ਘਰ-ਘਰ, ਦੁਕਾਨਾਂ ਤੇ ਜਨਤਕ ਥਾਵਾਂ ਤੋਂ ਵੱਡੀ ਮਾਤਰਾ ਵਿਚ ਪਲਾਸਟਿਕ ਇੱਕਠਾ ਕਰਦਿਆਂ ਲੋਕਾਂ ਨੂੰ 'ਪਲਾਸਟਿਕ ਘਟਾਉ, ਧਰਤੀ ਬਚਾਉ' ਦਾ ਸੱਦਾ ਦਿੱਤਾ। ਆਮ ਲੋਕਾਂ ਨੇ ਵਿਦਿਆਰਥੀ ਤੇ ਅਧਿਆਪਕਾਂ ਦੇ ਉਤਸ਼ਾਹ ਨੂੰ ਦੇਖਦਿਆਂ ਇਸ ਮੁਹਿੰਮ 'ਚ ਵਧ-ਚੜ੍ਹ ਕੇ ਭਾਗ ਲਿਆ। ਐੱਨਐੱਸਐੱਸ ਦੇ ਪ੍ਰੋਗਰਾਮ ਅਫਸਰ ਪ੍ਰੋ. ਰਵਿੰਦਰ ਸਿੰਘ, ਪ੍ਰੋ. ਕੁਲਦੀਪ ਸਿੰਘ ਢਿੱਲੋਂ, ਪ੍ਰੋ. ਅੰਬੇਸ਼ ਭਾਰਦਵਾਜ, ਪ੍ਰੋ. ਕੁਲਦੀਪ ਚੌਹਾਨ, ਪ੍ਰੋ. ਸਿੰਪਲ ਬਾਂਸਲ, ਡਾ. ਅਵਿਨਾਸ਼ ਕੁਮਾਰ, ਪ੍ਰੋ. ਜੋਤੀ, ਪ੍ਰੋ. ਪ੍ਰਤਿਭਾ ਜਿੰਦਲ, ਪ੍ਰੋ. ਨਮਨ ਬਾਂਸਲ, ਪ੍ਰੋ. ਅਮਨਦੀਪ ਸਿੰਘ ਰਾਜਪੂਤ ਅਤੇ ਪ੍ਰੋ. ਗਗਨਦੀਪ ਕੁਮਾਰ ਆਦਿ ਨੇ ਮੁਹਿੰਮ ਦੀ ਅਗਵਾਈ ਕਰਦਿਆਂ ਪਲਾਸਟਿਕ ਦੀ ਵਰਤੋਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਤੇ ਦੁਕਾਨਦਾਰ ਤੇ ਗ੍ਰਾਹਕਾਂ ਨੂੰ ਪਲਾਸਟਿਕ ਦੀ ਥਾਂ ਕੱਪੜੇ ਦੇ ਬਣੇ ਥੈਲਿਆਂ ਨੂੰ ਵਰਤਣ ਦੀ ਸਲਾਹ ਦਿੱਤੀ। ਵਿਦਿਆਰਥੀ ਰਾਧਾ ਸੁਆਮੀ, ਗੁਰਜੰਟ ਸਿੰਘ, ਸੁਨੀਤਾ ਰਾਣੀ, ਲਵਦੀਪ ਆਦਿ ਨੇ ਪ੍ਰਣ ਲਿਆ ਕਿ ਉਹ ਆਪਣੇ ਪਿੰਡਾਂ 'ਚ ਜਾ ਕੇ ਲੋਕਾਂ ਨੂੰ ਪਲਾਸਟਿਕ ਦੀ ਵਰਤੋਂ ਨਾ ਕਰਨ ਲਈ ਜਾਗਰੂਕ ਕਰਨਗੇ।

Scanned with CamScanner

# ਵੱਖ ਵੱਖ ਕਾਲਜਾਂ ਦੇ ਵਿਦਿਆਰਥੀਆਂ ਨੇ ਵਾਤਾਵਰਨ ਬਚਾਉਣ ਦਾ ਦਿੱਤਾ ਸੱਦਾ

**• ਵਾਤਾਵਰਨ ਨੂੰ ਹਰਿਆ-ਭਰਿਆ ਰੱਖਣ ਲਈ ਸਾਂਝੇ ਯਤਨ ਜੁਟਾਉਣ ਦੀ ਲੋੜ • ਨਹਿਰੂ ਤੇ ਮਾਤਾ ਸੁੰਦਰੀ ਕਾਲਜ ਦੇ ਵਲੰਟੀਅਰਾਂ ਨੇ ਰੈਲੀਆਂ ਕੱਢੀਆਂ**

### ਜਾਗਰੂਕਤਾ ਰੈਲੀ ਕੱਢੀ ਗਈ

### ਜਾਗਰੂਕਤਾ ਰੈਲੀ ਦਾ ਆਯੋਜਨ





ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ ਦੇ ਵਲੰਟੀਅਰ ਤੇ ਅਧਿਆਪਕ ਜਾਗਰੂਕ ਰੈਲੀ ਕੱਢਣ ਮੌਕੇ। (ਸੱਜੇ) ਮਾਤਾ ਸੁੰਦਰੀ ਯੂਨੀਵਰਸਿਟੀ ਗਰਲਜ਼ ਕਾਲਜ ਮਾਨਸਾ ਦੇ ਵਲੰਟੀਅਰ ਕੋਟੜਾ ਕਲਾਂ ਵਿਖੇ ਜਾਗਰੂਕ ਰੈਲੀ ਮੌਕੇ। ਅਜੀਤ ਤਸਵੀਰ





ਮਾਤਾ ਸੁੰਦਰੀ ਗਰਲਜ਼ ਮਾਨਸਾ ਵਿਖੇ ਯੁਵਕ ਮੇਲੇ ਦਾ ਸ਼ਮ੍ਹਾ ਰੌਸ਼ਨ ਕਰ ਕੇ ਉਦਘਾਟਨ ਕਰਦੇ ਹੋਏ ਐਸ.ਪੀ. ਸਿੰਘ ਓਬਰਾਏ, ਨਾਲ ਡਾ: ਸਤੀਸ਼ ਕੁਮਾਰ ਵਰਮਾ, ਡਾ: ਗੁਰਸੇਵਕ ਸਿੰਘ ਲੰਬੀ, ਪ੍ਰਿੰਸੀਪਲ ਡਾ: ਬਰਿੰਦਰ ਕੌਰ ਤੇ ਹੋਰ ਅਤੇ ਫੋਕ ਆਰਕੈਸਟਰਾ ਦੀ ਪੇਸ਼ਕਾਰੀ ਮੌਕੇ ਬੁਢਲਾਡਾ ਕਾਲਜ ਦੇ ਵਿਦਿਆਰਥੀ। (ਸੱਜੇ) ਮਾਨਸਾ ਜ਼ੋਨ ਦੇ ਯੁਵਕ ਮੇਲੇ ਦਾ ਆਨੰਦ ਮਾਣਦੀਆਂ ਹੋਈਆਂ ਵਿਦਿਆਰਥਣਾਂ। ਤਸਵੀਰ : ਸੱਮੀ ਮਾਨਸਾ

Dak 5/10/19

11/10/19

ਅਜੀਤ

# ਨਹਿਰੂ ਕਾਲਜ ’ਚ ਸਮਾਗਮ ਕਰਵਾਇਆ

ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਚਰਨਜੀਤ ਸਿੰਘ ਸਿੱਧੂ ਦੀ



ਵਿਦਿਆਰਥਣਾਂ ਰਾਸ਼ਟਰੀ ਏਕਤਾ ਦਿਵਸ ਮੌਕੇ ਸਹੁੰ

ਅਜੀਤ ਤਸਵੀਰ

ਅਗਵਾਈ ਹੇਠ ਕਰਵਾਏ ਸਮਾਗਮ ਮੌਕੇ ਸਟਾਫ਼ ਅਤੇ ਵਿਦਿਆਰਥੀਆਂ ਨੇ ਪ੍ਰਣ ਲਿਆ ਕਿ ਉਹ ਦੇਸ਼ ਏਕਤਾ, ਅਖੰਡਤਾ ਅਤੇ ਸੁਰੱਖਿਆ ਲਈ ਵਚਨਬੱਧ ਰਹਿਣਗੇ। ਐਨ.ਐਸ.ਐਸ ਦੇ ਪ੍ਰੋਗਰਾਮ ਅਫ਼ਸਰ ਪ੍ਰੋ. ਰਾਵਿੰਦਰ ਸਿੰਘ ਨੇ ਵੱਲਭ ਭਾਈ ਪਟੇਲ ਵੱਲੋਂ ਦੇਸ਼ ਦੀ ਆਜ਼ਾਦੀ ਲਈ ਨਿਭਾਈ ਭੂਮਿਕਾ ’ਤੇ ਚਰਚਾ ਕੀਤੀ। ਇਸ ਮੌਕੇ ਪ੍ਰੋ. ਸੀਮਾ ਜਿੰਦਲ, ਰਜਨੀ ਬਾਲਾ, ਕੁਲਦੀਪ ਸਿੰਘ ਢਿੱਲੋਂ, ਅਜਮੀਤ ਕੌਰ, ਬਲਜੀਤ ਸਿੰਘ, ਅਮਨਦੀਪ ਸਿੰਘ, ਸਿੰਪਲ ਵ ਸਲ, ਬਲਜੀਤ ਸਿੰਘ, ਡਾ. ਹਰਵਿੰਦਰ ਕੌਰ, ਕੁਲਦੀਪ ਸਿੰਘ ਚੌਹਾਨ, ਪ੍ਰਤਿਭਾ ਜਿੰਦਲ ਆਦਿ ਅਧਿਆਪਕ ਹਾਜ਼ਰ ਸਨ।

Scanned with CamScanner

Date 1/11/2019




ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਦੇ ਅਧਿਆਪਕ ਤੇ ਵਿਦਿਆਰਥੀ ਸਹੁੰ ਚੁੱਕਣ ਸਮੇਂ। ਅਜੀਤ ਤਸਵੀਰ



ਪ੍ਰੀਆਰਡੀ ਪ੍ਰੇਡ ਲਈ ਚੁਣਿਆ ਗਿਆ ਲਵਦੀਪ ਸਿੰਘ ਪ੍ਰੋਫੈਸਰਾਂ ਨਾਲ।

# ਚਿਤਕਾਰਾ ਯੂਨੀਵਰਸਿਟੀ 'ਚ 15 ਤੋਂ 24 ਨਵੰਬਰ ਤਕ ਲੱਗੇਗਾ ਕੈਂਪ

**ਪੱਤਰ ਪ੍ਰੇਰਕ, ਮਾਨਸਾ :** ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਦਾ ਐੱਨਐੱਸਐੱਸ ਦਾ ਵਲੰਟੀਅਰ ਲਵਦੀਪ ਸਿੰਘ ਪ੍ਰੀਆਰਡੀ ਪ੍ਰੇਡ ਕੈਂਪ ਲਈ ਚੁਣਿਆ ਗਿਆ। ਜ਼ਿਕਰਯੋਗ ਹੈ ਕਿ ਇਹ ਕਾਲਜ ਦਾ ਪਹਿਲਾ ਵਿਦਿਆਰਥੀ ਹੈ ਜਿਸ ਦੀ ਪ੍ਰੀਆਰਡੀ ਕੈਂਪ ਲਈ ਚੋਣ ਹਈ ਹੈ। ਭਾਵੇਂ ਇਸ ਕਾਲਜ ਦੇ ਐੱਨਸੀਸੀ ਦੇ ਕੈਡਿਟ ਜ਼ਰੂਰ ਪ੍ਰੀਆਰਡੀ ਕੈਂਪ ਲਾ ਚੁੱਕੇ ਹਨ, ਪਰ ਐੱਨਐੱਸਐੱਸ ਵਿਭਾਗ ਲਈ ਫਖ਼ਰ ਵਾਲੀ ਗੱਲ ਹੈ ਕਿ ਲਵਦੀਪ ਦੀ ਇਸ ਕੈਂਪ ਲਈ ਚੋਣ ਹੋਈ ਹੈ। ਐੱਨਐੱਸਐੱਸ ਵਿਭਾਗ ਦੇ ਮੁਖੀ ਪ੍ਰੋ. ਰਵਿੰਦਰ ਸਿੰਘ ਨੇ ਦੱਸਿਆ ਕਿ ਐੱਮਏ ਰਾਜਨੀਤੀ ਸ਼ਾਸਤਰ ਭਾਗ ਦੂਜਾ ਦਾ ਵਿਦਿਆਰਥੀ ਲਵਦੀਪ ਐੱਨਐੱਸਐੱਸ ਗਤੀਵਿਧੀਆਂ ਤੇ ਕੈਂਪ 'ਚ ਵੀ ਚੰਗੀ ਭੂਮਿਕਾ ਨਿਭਾਉਂਦਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਪਿਛਲੇ 2 ਸਾਲਾਂ ਤੋਂ ਐੱਨਐੱਸਐੱਸ ਵਿਭਾਗ ਚਲਾ ਰਹੇ ਹਨ ਤੇ ਕਾਲਜ 'ਚ ਇਕ ਰੋਜ਼ਾ ਕੈਂਪਾਂ ਤੋਂ ਇਲਾਵਾ 7 ਰੋਜ਼ਾ ਕੈਂਪ ਤੇ ਹੋਰ ਗਤੀਵਿਧੀਆਂ ਵੀ ਵੱਡੇ ਪੱਧਰ 'ਤੇ ਕਰਵਾਈਆਂ ਜਾ ਰਹੀਆਂ ਹਨ। ਕਾਲਜ ਦੇ ਵਿਦਿਆਰਥੀ ਦੀ ਪ੍ਰੀਆਰਡੀ ਕੈਂਪ ਲਈ ਚੋਣ ਹੋਣਾ ਵੱਡੀ ਪ੍ਰਾਪਤੀ ਹੈ। ਲਵਦੀਪ ਨੇ ਦੱਸਿਆ ਕਿ ਐੱਨਐੱਸਐੱਸ ਵਿਭਾਗ ਦੇ ਮੁਖੀ ਪ੍ਰੋ. ਰਵਿੰਦਰ ਸਿੰਘ ਵੱਲੋਂ ਕੀਤੀ ਮਿਹਨਤ ਰੰਗ ਲਿਆਈ ਹੈ। ਜਿਨ੍ਹਾਂ ਨੇ ਸਾਨੂੰ ਐੱਨਐੱਸਐੱਸ ਨਾਲ ਜੋੜਿਆ। ਉਨ੍ਹਾਂ ਕਿਹਾ ਪ੍ਰੋਫੈਸਰ ਦੀ ਅਗਵਾਈ 'ਚ ਹੀ ਉਸ ਨੇ ਕੈਂਪ ਲਈ ਟ੍ਰਾਇਲ ਦਿੱਤੇ ਸਨ। ਦੱਸਣਾ ਬਣਦਾ ਹੈ ਕਿ 25 ਅਕਤੂਬਰ ਨੂੰ ਮਾਤਾ ਗੁਜਰੀ ਕਾਲਜ ਫਤਹਿਗੜ੍ਹ ਸਾਹਿਬ ਵਿਖੇ ਪ੍ਰੀਆਰਡੀ ਕੈਂਪ ਵਲੰਟੀਅਰ ਦੀ ਚੋਣ ਕੀਤੀ ਗਈ ਸੀ। ਇਸ ਮੌਕੇ ਪ੍ਰਿੰਸੀਪਲ ਜੋਤੀ ਪ੍ਰਕਾਸ਼, ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਬਰਜਿੰਦਰ ਸਿੰਘ, ਐੱਨਐੱਸਐੱਸ ਦੇ ਪ੍ਰੋਗਰਾਮ ਅਫਸਰ ਪ੍ਰੋ. ਕੁਲਦੀਪ ਸਿੰਘ ਢਿੱਲੋਂ ਨੇ ਲਵਦੀਪ ਸਿੰਘ ਨੂੰ ਵਧਾਈ ਦਿੰਦਿਆਂ ਉਸਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।

ਪੰਜਾਬੀ ਜਾਗਰਣ

Date 6/11/2019

Scanned with CamScanner



ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ ਵਿਖੇ ਮਹਿਲਾ ਦਿਵਸ ਮੌਕੇ ਕਰਵਾਏ ਡਰਾਇੰਗ ਮੁਕਾਬਲੇ ਦੇ ਜੇਤੂ ਤੇਜਿੰਦਰ ਸਿੰਘ, ਅਰਸ਼ਨੂਰ ਘਾਰੂ ਅਤੇ ਚਰਨਜੀਤ ਕੌਰ ਨੂੰ ਸਨਮਾਨਿਤ ਕਰਦੇ ਹੋਏ ਪ੍ਰੋ. ਅਜਮੀਤ ਕੌਰ, ਪ੍ਰੋ. ਬਲਜੀਤ ਕੌਰ, ਪ੍ਰੋ. ਸੁਪਨਦੀਪ ਕੌਰ, ਪ੍ਰੋ. ਅਮਨਦੀਪ ਸਿੰਘ ਅਤੇ ਡਾ. ਹਰਵਿੰਦਰ ਕੌਰ।

Scanned with CamScanner

10 ਮਾਰਚ ਅਜੀਤ

ਅਗਾਦ - ਜ਼ੋਰ ਸਨ।

10 ਮਾਰਚ ਅਜੀਤ

## ਨਹਿਰੂ ਕਾਲਜ 'ਚ ਔਰਤ ਦਿਵਸ ਮਨਾਇਆ

ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਐਨ. ਐਸ. ਐਸ. ਵਿਭਾਗ ਵਲੋਂ ਅੰਤਰ ਰਾਸ਼ਟਰੀ ਔਰਤ ਦਿਵਸ ਮਨਾਇਆ ਗਿਆ। ਪ੍ਰੋਗਰਾਮ ਅਫ਼ਸਰ ਡਾ: ਰਾਵਿੰਦਰ ਸਿੰਘ ਨੇ ਦੱਸਿਆ ਕਿ ਅਜੋਕੇ ਦੌਰ 'ਚ ਲੜਕੀਆਂ ਹਰ ਖੇਤਰ 'ਚ ਮਰਦ ਨਾਲੋਂ ਅੱਗੇ ਹਨ। ਉਨ੍ਹਾਂ ਕਿਹਾ ਕਿ ਔਰਤਾਂ ਨੂੰ ਆਪਣੇ ਹੱਕਾਂ ਪ੍ਰਤੀ ਹੋਰ ਚੇਤੰਨ ਹੋਣਾ ਚਾਹੀਦਾ ਹੈ। ਇਸ ਮੌਕੇ ਪ੍ਰੋ: ਕੁਲਦੀਪ ਚੌਹਾਨ, ਪ੍ਰੋ: ਅਮਨਦੀਪ ਸਿੰਘ ਨੇ ਵੀ ਸੰਬੋਧਨ ਕੀਤਾ।

Scanned with CamScanner

6 जून 2022

दैनिक जागरण

# नेहरू मेमोरियल कालेज



जिला भाषा दफ्तर की ओर से नेहरू मेमोरियल कालेज के इंचार्ज प्रिंसिपल सुखदीप सिंह की अध्यक्षता में पौधारोपण किया गया। यहां जिला भाषा अफसर तेजिंदर कौर, जिला खोज अफसर गुरप्रीत सिंह, निर्मल सिंह मौजिया, भुपिंदर दूलोवाल, प्रो .तनवीर, प्रो .कुलदीप सिंह, प्रो :अविनाश कुमार, प्रो .अमनदीप सरां, गुरसिरत कौर व ओम प्रकाश मौजूद थे • सौ. कालेज

Scanned with CamScanner

27 ਸਤੰਬਰ 2017

# ਦ੍ਰਿੜ੍ਹ ਇੱਛਾ ਸ਼ਕਤੀ ਤੇ ਜਾਗਰੂਕਤਾ ਨਾਲ ਕੈਂਸਰ ਤੋਂ ਪਾਈ ਜਾ ਸਕਦੀ ਹੈ ਮੁਕਤੀ-ਡਿਪਟੀ ਕਮਿਸ਼ਨਰ

## ਲੋਕਾਂ ਨੂੰ ਕੈਂਸਰ ਦੀ ਬਿਮਾਰੀ ਤੋਂ ਬਚਾਅ ਲਈ ਜਾਗਰੂਕ ਕਰਨਾ ਜ਼ਰੂਰੀ- ਪੂਨਮ ਬਗਾਈ

ਮਾਨਸਾ, 26 ਸਤੰਬਰ (ਬਲਵਿੰਦਰ ਸਿੰਘ ਧਾਲੀਵਾਲ)-ਕੈਂਸਰ ਭਾਵੇਂ ਨਾਮੁਰਾਦ ਬਿਮਾਰੀ ਹੈ ਪਰ ਜਾਗਰੂਕਤਾ ਫੈਲਾਅ ਕੇ ਇਸ ਬਿਮਾਰੀ ਤੋਂ ਸਹਿਜ ਨਾਲ ਨਿਜਾਤ ਮਿਲ ਸਕਦੀ ਹੈ। ਸਮਾਜ ਸੇਵੀ ਸੰਸਥਾਵਾਂ ਨੂੰ ਸਰਕਾਰਾਂ ਦਾ ਸਹਿਯੋਗ ਦੇ ਕੇ ਇਸ ਬਿਮਾਰੀ ਪ੍ਰਤੀ ਸਾਂਝੇ ਯਤਨ ਜੁਟਾਉਣ ਦੀ ਲੋੜ ਹੈ। ਇਹ ਪ੍ਰਗਟਾਵਾ ਧਰਮਪਾਲ ਗੁਪਤਾ ਡਿਪਟੀ ਕਮਿਸ਼ਨਰ ਮਾਨਸਾ ਨੇ ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਨੈਸ਼ਨਲ ਸੁਸਾਇਟੀ ਫਾਰ ਚਾਈਲਡਹੁੱਡ ਕੈਂਸਰ (ਕੈਨ ਕਿਡਜ਼) ਸੰਸਥਾ ਦਿੱਲੀ ਵੱਲੋਂ ਬੱਚਿਆਂ ਦੇ ਕੈਂਸਰ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਸਬੰਧੀ ਕੱਢੀ ਕਾਰ ਰੈਲੀ ਦੇ ਕਾਲਜ ਵਿਚ ਦੇਰ ਸ਼ਾਮ ਪਹੁੰਚਣ 'ਤੇ ਕਰਵਾਏ ਸਮਾਗਮ ਦੌਰਾਨ ਕੀਤਾ। ਉਨ੍ਹਾਂ ਸੰਸਥਾ ਵੱਲੋਂ ਕੀਤੇ ਇਸ ਉੱਦਮ ਦੀ ਸ਼ਲਾਘਾ ਕਰਦਿਆਂ ਪੰਜਾਬ ਅੰਦਰ ਕੈਂਸਰ ਦੀ ਬਿਮਾਰੀ ਦੇ ਖ਼ਾਤਮੇ ਲਈ ਪੰਜਾਬੀਆਂ ਨੂੰ ਲੋਕ ਲਹਿਰ ਬਣਾਉਣ ਦਾ ਸੱਦਾ ਦਿੱਤਾ। ਸੰਸਥਾ ਦੀ ਸੰਸਥਾਪਕ ਪੂਨਮ ਬਗਾਈ ਨੇ ਕਿਹਾ ਕਿ ਇਸ ਸੁਸਾਇਟੀ ਦਾ ਮਕਸਦ ਕੈਂਸਰ ਤੋਂ ਪੀੜਤ ਬੱਚਿਆਂ ਦੇ ਇਲਾਜ ਲਈ ਉਨ੍ਹਾਂ ਦਾ ਸਹੀ ਮਾਰਗ ਦਰਸ਼ਨ ਕਰਨਾ ਹੈ। ਉਨ੍ਹਾਂ ਕਿਹਾ ਕਿ ਸਾਡੀ ਫਾਊਂਡੇਸ਼ਨ ਵੱਲੋਂ ਸਟੇਟ ਟੂ ਸਟੇਟ ਜਾਗਰੂਕਤਾ ਫੈਲਾਈ ਜਾ ਰਹੀ ਹੈ, ਜਿਸ ਤਹਿਤ ਅੱਜ ਇਹ ਕਾਰ ਰੈਲੀ ਮਾਨਸਾ ਵਿੱਚ ਆਈ ਹੈ। ਉਨ੍ਹਾਂ ਦੱਸਿਆ ਕਿ ਸੰਸਥਾ ਵੱਲੋਂ 0 ਤੋਂ 19 ਸਾਲ ਤੱਕ ਦੇ ਬੱਚਿਆਂ ਨੂੰ ਮੈਡੀਕਲ, ਵਿੱਦਿਅਕ, ਰਹਿਣ, ਖਾਣ-ਪੀਣ ਆਦਿ ਦੀ ਸਹੂਲਤ ਦਿੱਤੀ ਜਾਂਦੀ ਹੈ। ਸਿਵਲ ਸਰਜਨ ਮਾਨਸਾ ਡਾ. ਸੁਨੀਲ ਪਾਠਕ ਨੇ ਦੱਸਿਆ ਕਿ ਕੈਂਸਰ ਦੀ ਬਿਮਾਰੀ ਬਹੁਤ ਹੀ ਭਿਆਨਕ ਬਿਮਾਰੀ ਹੈ ਪਰ ਸਮਾਂ ਰਹਿੰਦਿਆਂ ਅਤੇ ਦ੍ਰਿੜ੍ਹ ਨਿਸ਼ਚਾ ਕਰ ਕੇ ਇਸ ਬਿਮਾਰੀ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਪ੍ਰੋਗਰਾਮ ਦੇ ਕੋਆਰਡੀਨੇਟਰ ਪ੍ਰੋ: ਰਾਵਿੰਦਰ ਸਿੰਘ ਨੇ ਕਿਹਾ ਕਿ ਮਾਲਵਾ ਪੱਟੀ 'ਚ ਅੰਧਾਧੁੰਦ ਕੀਟਨਾਸ਼ਕਾਂ ਦੀ ਵਰਤੋਂ ਨਾਲ ਪਾਣੀ ਅਤੇ ਫ਼ਸਲਾਂ ਵਿਚ ਰਸਾਇਣ ਦੇ ਮਿਲਣ ਨਾਲ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਵਧ ਰਹੀ ਹੈ। ਇਸ ਮੌਕੇ ਕੈਂਸਰ ਤੋਂ ਮੁਕਤ ਹੋਏ ਬੱਚਿਆਂ ਵੱਲੋਂ ਨੁੱਕੜ ਨਾਟਕ ਵੀ ਖੇਡਿਆ ਗਿਆ। ਕੈਂਸਰ ਦੀ ਰੋਕਥਾਮ ਲਈ ਪੋਸਟਰ ਮੇਕਿੰਗ ਅਤੇ ਸਲੋਗਨ ਲਿਖਣ ਦੇ ਮੁਕਾਬਲਿਆਂ 'ਚ ਕ੍ਰਮਵਾਰ ਸਤਨਾਮ ਸਿੰਘ, ਗਗਨਪ੍ਰੀਤ ਕੌਰ, ਕਸ਼ਮੀਰ ਸਿੰਘ ਅਤੇ ਜਗਸੀਰ ਸਿੰਘ, ਜਸਪ੍ਰੀਤ ਕੌਰ, ਰਾਜਵਿੰਦਰ ਕੌਰ ਅਤੇ ਜਗਤਾਰ ਸਿੰਘ ਤੇ ਸੰਦੀਪ ਸਿੰਘ ਨੇ ਪਹਿਲਾਂ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਐਸ.ਡੀ.ਐਮ. ਮਾਨਸਾ ਲਤੀਫ਼ ਅਹਿਮਦ, ਕੋ-ਫਾਊਂਡਰ ਕੈਨ ਕਿਡਜ਼ ਸੋਨਲ ਸ਼ਰਮਾ, ਪ੍ਰਿੰਸੀਪਲ ਸੁਪਨਦੀਪ ਕੌਰ, ਡਾ. ਜਗਤਾਰ ਸਿੰਘ ਜੋਗਾ, ਪ੍ਰੋ: ਸੀਮਾ ਜਿੰਦਲ, ਪ੍ਰੋ: ਅੰਬੇਸ਼ ਭਾਰਦਵਾਜ, ਪ੍ਰੋ: ਕੁਲਦੀਪ ਢਿੱਲੋਂ, ਪ੍ਰੋ: ਅਜਮੀਤ ਕੌਰ, ਪ੍ਰੋ: ਕੁਲਦੀਪ ਚੌਹਾਨ, ਪ੍ਰੋ: ਤਨਵੀਰ, ਪ੍ਰੋ: ਹਰਵਿੰਦਰ ਕੌਰ ਆਦਿ ਹਾਜ਼ਰ ਸਨ।



ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਕੈਂਸਰ ਰੋਗ ਤੋਂ ਮੁਕਤ ਹੋਏ ਬੱਚੇ ਡਿਪਟੀ ਕਮਿਸ਼ਨਰ ਤੇ ਕਾਲਜ ਅਧਿਆਪਕਾਂ ਤੇ ਸੰਸਥਾ ਦੇ ਨੁਮਾਇੰਦਿਆਂ ਨਾਲ। ਅਜੀਤ ਤਸਵੀਰ

Scanned with CamScanner

# ਸ਼ਹੀਦ ਭਗਤ ਸਿੰਘ ਦੇ 110ਵੇਂ ਜਨਮ ਦਿਨ ਨੂੰ ਸਮਰਪਿਤ ਸੈਮੀਨਾਰ

ਮਾਨਸਾ, 26 ਸਤੰਬਰ (ਗੁਰਚੇਤ ਸਿੰਘ ਫੱਤੇਵਾਲੀਆ )- ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਇਸਾ) ਵੱਲੋਂ ਸ਼ਹੀਦ ਭਗਤ ਸਿੰਘ ਦੇ 110ਵੇਂ ਜਨਮ ਦਿਨ ਨੂੰ ਸਮਰਪਿਤ ਸੈਮੀਨਾਰ ਕਰਵਾਇਆ ਗਿਆ। ਰਾਜਵਿੰਦਰ ਮੀਰ ਨੇ ਸੰਬੋਧਨ ਕਰਦਿਆਂ ਸ਼ਹੀਦ ਭਗਤ ਸਿੰਘ ਦੇ ਜੀਵਨ, ਸ਼ਹੀਦੀ ਅਤੇ ਉਨ੍ਹਾਂ ਦੇ ਸਾਥੀਆਂ ਦੀਆਂ ਕੁਰਬਾਨੀ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਭਗਵਾਂ ਰੰਗ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜੋ ਠੀਕ ਨਹੀਂ ਹੈ। ਡਾ: ਜਗਤਾਰ ਸਿੰਘ ਜੋਗਾ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦੀ ਵਿਖਾਈ ਰਾਹ 'ਤੇ ਚੱਲਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਦੇ ਸੁਪਨਿਆਂ ਦਾ ਦੇਸ਼ ਬਣਾਉਣ ਲਈ ਇੱਕ ਵੱਡੀ ਵਿਦਿਆਰਥੀਆਂ-ਨੌਜਵਾਨਾਂ ਦੀ ਲਹਿਰ ਦੀ ਲੋੜ ਹੈ। ਡਾ: ਜੋਗਾ ਨੇ ਕਿਹਾ ਕਿ ਵਿਦਿਆਰਥੀ-ਨੌਜਵਾਨ ਇਕੱਠੇ ਹੋ ਕੇ ਇਕ ਸਾਮਾਨ ਸਿੱਖਿਆ, ਯੋਗਤਾ ਮੁਤਾਬਕ ਰੁਜ਼ਗਾਰ, ਮੁਫ਼ਤ ਸਿਹਤ ਸਹੂਲਤ ਪ੍ਰਾਪਤ ਕਰਨ ਲਈ ਸੰਘਰਸ਼ ਤੇਜ਼ ਕਰਨ। ਆਇਸਾ ਦੇ ਆਗੂ ਪ੍ਰਦੀਪ ਗੁਰੂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਕਤਲ ਕੀਤਾ ਜਾ ਰਿਹਾ ਹੈ, ਦੇਸ਼ ਨੂੰ ਭਗਵੇਂ ਰੰਗ ਵਿੱਚ ਰੰਗਣ ਦੀਆਂ ਕੋਸ਼ਿਸ਼ਾਂ ਨੂੰ ਸਫਲ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਭਾਜਪਾ ਸਰਕਾਰਾਂ 'ਤੇ ਦੋਸ਼ ਲਗਾਇਆ ਕਿ ਦੇਸ਼ ਦੀਆਂ ਉੱਚ ਸਿੱਖਿਆ ਸੰਸਥਾਵਾਂ ਵਿੱਚ ਵਿਦਿਆਰਥੀਆਂ ਦੀ ਆਵਾਜ਼ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ, ਜਿਸ ਦੀ ਉਦਾਹਰਨ ਬਨਾਰਸ ਹਿੰਦੂ ਯੂਨੀਵਰਸਿਟੀ ਵਿਚ ਇੱਕ ਲੜਕੀ ਨੂੰ ਇਨਸਾਫ਼ ਦਿਵਾਉਣ ਲਈ ਇਕੱਠੇ ਹੋਏ ਵਿਦਿਆਰਥੀਆਂ 'ਤੇ ਲਾਠੀਚਾਰਜ ਕਰਨ ਤੋਂ ਮਿਲਦੀ ਹੈ। ਪ੍ਰੋ: ਅੰਬੇਸ਼ ਭਾਰਦਵਾਜ, ਪ੍ਰੋ: ਸੁਪਨਦੀਪ ਕੌਰ, ਪ੍ਰੋ: ਤਨਵੀਰ, ਪ੍ਰੋ: ਅਮਨਦੀਪ, ਪ੍ਰੋ: ਅਜਮੀਤ ਕੌਰ, ਪ੍ਰੋ: ਸੀਮਾ ਜਿੰਦਲ, ਆਇਸਾ ਦੇ ਕਾਲਜ ਸਕੱਤਰ ਗੁਰਵਿੰਦਰ ਨੰਦਗੜ੍ਹ, ਗਗਨਦੀਪ ਮੌੜ, ਗਗਨਦੀਪ ਰੱਲਾ, ਜਗਦੀਪ ਖਿਆਲਾ, ਬੱਬੂ ਮਾਨਾ, ਗੁਰਪ੍ਰੀਤ ਕੌਰ, ਗੀਤੂ ਕੌਰ, ਸਰਬਜੀਤ ਕੌਰ, ਸੁਖਪ੍ਰੀਤ ਕੌਰ ਹਾਜ਼ਰ ਸਨ।

Scanned with CamScanner

# ਸ਼ਖ਼ਸੀਅਤ ਦੇ ਵਿਕਾਸ 'ਚ ਰਚਨਾਤਮਕ ਪ੍ਰਤਿਭਾ ਦਾ ਅਹਿਮ ਰੋਲ-ਬੀ. ਪੀ. ਮੋਹਨ

## ਕਾਲਜ ਮੈਗਜ਼ੀਨ 'ਦਾ ਆਈਡਲ' ਜਾਰੀ

ਮਾਨਸਾ, 19 ਨਵੰਬਰ (ਰਾਵਿੰਦਰ ਸਿੰਘ)- ਸਿੱਖਿਆ ਵਿਦਿਆਰਥੀ ਦਾ ਬੌਧਿਕ ਵਿਕਾਸ ਕਰਨ ਦੇ ਨਾਲ-ਨਾਲ ਉਸ ਅੰਦਰ ਛੁਪੀ ਪ੍ਰਤਿਭਾ ਨੂੰ ਨਿਖਾਰ ਕੇ ਉਸ ਦਾ ਸੰਪੂਰਨ ਵਿਕਾਸ ਕਰਦੀ ਹੈ। ਇਹ ਪ੍ਰਗਟਾਵਾ ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਦੇ ਪਹਿਲੇ ਪ੍ਰਿੰਸੀਪਲ ਬੀ. ਪੀ. ਮੋਹਨ ਨੇ ਕਾਲਜ ਮੈਗਜ਼ੀਨ 'ਦਾ ਆਈਡਲ' ਜਾਰੀ ਸਮਾਗਮ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਸ਼ਖ਼ਸੀਅਤ ਦੇ ਵਿਕਾਸ 'ਚ ਰਚਨਾਤਮਕ ਪ੍ਰਤਿਭਾ ਦਾ ਅਹਿਮ ਰੋਲ ਹੁੰਦਾ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀ ਜੀਵਨ ਹੀ ਇੱਕ ਅਜਿਹਾ ਪੜਾਅ ਹੈ, ਜਿਸ ਦੌਰਾਨ ਉਨ੍ਹਾਂ ਦੇ ਮਨ ਵਿਚ ਰਚਨਾਤਮਕ ਤਰੰਗਾਂ ਪੈਦਾ ਹੁੰਦੀਆਂ ਹਨ, ਜੇਕਰ ਵਿਦਿਆਰਥੀਆਂ ਨੂੰ ਮੌਕਾ ਅਤੇ ਸਹੀ ਸਮਾਂ ਮਿਲ ਜਾਵੇ, ਤਾਂ ਇਹ ਤਰੰਗਾਂ ਉਮਰ ਭਰ ਲਈ ਪ੍ਰਫੁੱਲਿਤ ਹੋ ਜਾਂਦੀਆਂ ਹਨ। ਪ੍ਰਿੰਸੀਪਲ ਡਾ: ਸਿਮਰਤ ਕੌਰ ਨੇ ਖ਼ੁਸ਼ੀ ਮਹਿਸੂਸ ਕੀਤੀ ਕਿ ਕਾਲਜ ਮੈਗਜ਼ੀਨ 'ਚ ਵਿਦਿਆਰਥੀਆਂ ਦੀਆਂ ਉਗਰਦੀਆਂ ਕਲਮਾਂ ਨੇ ਜਿਥੇ ਸਮਾਜ ਦੇ ਚਲੰਤ ਵਿਸ਼ਿਆਂ ਦੀ ਗੱਲ ਕੀਤੀ ਹੈ, ਉਥੇ ਸਮਾਜਿਕ ਕੁਰੀਤੀਆਂ ਖ਼ਿਲਾਫ਼ ਵੀ ਡੂੰਘੀ ਚੋਟ ਕੀਤੀ ਹੈ। ਅਰਥ ਸ਼ਾਸਤਰ ਵਿਭਾਗ ਦੇ ਮੁਖੀ ਪ੍ਰੋ: ਕੇ. ਕੇ. ਸ਼ਰਮਾ, ਪ੍ਰੋ: ਸੀਮਾ ਜਿੰਦਲ, ਕਾਲਜ ਸੁਪਰਡੈਂਟ ਕੇ. ਕੇ. ਸਿੰਗਲਾ ਨੇ ਪ੍ਰਿੰਸੀਪਲ ਬੀ. ਪੀ. ਮੋਹਨ ਦੇ ਕਾਲਜ 'ਚ ਕੀਤੇ ਕੰਮਾਂ ਦੀ ਚਰਚਾ ਕੀਤੀ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਦੇ ਪਹਿਲੂਆਂ 'ਤੇ ਚਾਨਣਾ ਪਾਇਆ। ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਪਹੁੰਚੇ ਕਾਲਜ ਦੇ ਸੇਵਾਮੁਕਤ ਸ਼੍ਰੋਮਣੀ ਨਾਟਕਕਾਰ ਪ੍ਰੋ: ਅਜਮੇਰ ਸਿੰਘ ਔਲਖ, ਪ੍ਰੋ: ਸੁਖਦੇਵ ਸਿੰਘ, ਪ੍ਰੋ: ਅੱਛਰੂ ਸਿੰਘ, ਪ੍ਰੋ: ਐਮ. ਐਲ. ਗੁਪਤਾ, ਪ੍ਰੋ: ਵਰਿੰਦਰ ਸਿੰਘ ਅਤੇ ਡਾ: ਪੀ. ਕੇ. ਸੂਦ ਨੇ ਵਿਦਿਆਰਥੀਆਂ ਨੂੰ ਜ਼ਿੰਦਗੀ 'ਚ ਕੁਝ ਕਰ ਗੁਜ਼ਰਨ ਲਈ ਪ੍ਰੇਰਿਆ। ਮੰਚ ਸੰਚਾਲਨ ਕਰਦਿਆਂ ਪ੍ਰੋ: ਸੁਪਨਦੀਪ ਕੌਰ ਨੇ ਕਿਹਾ ਕਿ ਪੰਜਾਬ ਦੇ ਚੰਦ ਕੁ ਕਾਲਜ ਹੀ ਹਨ ਜੋ ਹਰ ਸਾਲ ਇਹ ਮੈਗਜ਼ੀਨ ਛਾਪ ਰਹੇ ਹਨ, ਜਿਨ੍ਹਾਂ ਵਿਚੋਂ ਨਹਿਰੂ ਕਾਲਜ ਵੀ ਸ਼ਾਮਲ ਹੈ। ਪ੍ਰੋ: ਚਰਨਜੀਤ ਸਿੰਘ ਸਿੱਧੂ ਨੇ ਸਭਨਾਂ ਦਾ ਧੰਨਵਾਦ ਕੀਤਾ। ਸ਼ਾਮਲ ਹੋਣ ਵਾਲਿਆਂ 'ਚ ਸੇਵਾਮੁਕਤ ਕਾਲਜ ਕਰਮਚਾਰੀ ਜਗਦੀਸ਼ ਰਾਏ, ਰਾਮ ਕ੍ਰਿਸ਼ਨ, ਪ੍ਰੋ: ਐਮ. ਆਰ. ਮਿੱਤਲ, ਪ੍ਰੋ: ਰਜਿੰਦਰ ਕੁਮਾਰ ਸਿੰਗਲਾ ਆਦਿ ਸਮੁੱਚਾ ਸਟਾਫ਼ ਹਾਜ਼ਰ ਸੀ।




ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ ਵਿਖੇ ਮੈਗਜ਼ੀਨ 'ਦਾ ਆਈਡਲ' ਜਾਰੀ ਕਰਦੇ ਹੋਏ ਮੁੱਖ ਮਹਿਮਾਨ ਬੀ. ਪੀ. ਮੋਹਨ, ਪ੍ਰਿੰਸੀਪਲ ਤੇ ਸਟਾਫ਼ ਮੈਂਬਰ। ਅਜੀਤ ਤਸਵੀਰ

Scanned with CamScanner

ਅਜੀਤ 18/5/2022



ਨਹਿਰੂ ਕਾਲਜ ਮਾਨਸਾ ਵਿਖੇ ਪਲਾਸਟਿਕ ਦੀ ਵਰਤੋਂ ਨਾ ਕਰਨ ਸੰਬੰਧੀ ਵਿਦਿਆਰਥੀਆਂ ਨੂੰ ਜਾਗਰੂਕ ਕਰਦੇ ਹੋਏ ਪ੍ਰੋ. ਸੁਖਦੀਪ ਸਿੰਘ। ਅਜੀਤ ਤਸਵੀਰ

# ਨਹਿਰੂ ਕਾਲਜ 'ਚ ਪਲਾਸਟਿਕ ਦੀ ਵਰਤੋਂ ਨਾ ਕਰਨ ਸੰਬੰਧੀ ਜਾਗਰੂਕਤਾ ਭਾਸ਼ਨ ਕਰਵਾਇਆ

ਮਾਨਸਾ, 17 ਮਈ (ਗੁਰਚੇਤ ਸਿੰਘ ਫੱਤੇਵਾਲੀਆ)-ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਆਜ਼ਾਦੀ ਕਾ ਅੰਮ੍ਰਿਤ ਮਹਾਂਉਤਸਵ ਸਮਾਗਮ ਦੀ ਲੜੀ ਤਹਿਤ ਪਲਾਸਟਿਕ ਦੀ ਵਰਤੋਂ ਨਾ (ਬਾਕੀ ਸਫਾ 6 'ਤੇ)

ਐਸਏਐਲ ਆਟੋਮੋਟਿਵ ਲਿਮਟਿਡ
(ਪਹਿਲਾਂ ਸਵਰਾਜ ਆਟੋਮੋਟਿਵਜ਼ ਲਿਮਟਿਡ)
CIN : L45202PB1974PLC003516

## ਨਹਿਰੂ ਕਾਲਜ 'ਚ...

(ਸਫਾ 5 ਦੀ ਬਾਕੀ)

ਕਰਨ ਬਾਰੇ ਜਾਗਰੂਕਤਾ ਭਾਸ਼ਣ ਕਰਵਾਇਆ ਗਿਆ। ਮੁੱਖ ਵਕਤਾ ਪ੍ਰੋ. ਸੁਖਦੀਪ ਸਿੰਘ ਮੁਖੀ ਪੰਜਾਬੀ ਵਿਭਾਗ ਨੇ ਪਲਾਸਟਿਕ ਦੀ ਵਰਤੋਂ ਨਾਲ ਵਾਤਾਵਰਨ ਅਤੇ ਸਿਹਤ 'ਤੇ ਪੈਣ ਵਾਲੇ ਮਾਰੂ ਪ੍ਰਭਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਵਿਕਾਸਸ਼ੀਲ ਤੇ ਵਿਕਸਤ ਮੁਲਕਾਂ 'ਚ ਪਲਾਸਟਿਕ ਅਤੇ ਡਿਸਪੋਜ਼ਲ ਕੂੜੇ ਦੀ ਬਹੁਤ ਵੱਡੀ ਸਮੱਸਿਆ ਹੈ। ਸਾਡੇ ਕੁਦਰਤੀ ਜਲ ਸਰੋਤਾਂ ਨੂੰ ਵੀ ਪਲਾਸਟਿਕ, ਖ਼ਾਸ ਕਰ ਕੇ ਪਾਲੀਥੀਨ ਦੀ ਵਰਤੋਂ ਨੇ ਦੂਸ਼ਿਤ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਪਲਾਸਟਿਕ ਦੀ ਵਰਤੋਂ ਨਾਲ ਜਿੱਥੇ ਸਾਡੇ ਵਾਤਾਵਰਨ ਦਾ ਵ ਨੁਕਸਾਨ ਹੋ ਰਿਹਾ ਹੈ, ਉੱਥੇ ਮਨੁੱਖ ਦੀ ਸਿਹਤ ਸਬੰਧੀ ਵੀ ਅਨੇਕਾਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਵਿਦਿਆਰਥੀ ਵਰਗ ਜੇਕਰ ਪਲਾਸਟਿਕ ਦੀ ਵਰਤੋਂ ਨਾ ਕਰਨ ਸਬੰਧੀ ਜਾਗਰੂਕ ਹੋ ਜਾਵੇਗਾ ਤਾਂ ਪੂਰੇ ਸਮਾਜ 'ਚ ਜਾਗਰੂਕਤਾ ਲਿਆਂਦੀ ਜਾ ਸਕਦੀ ਹੈ। ਵਿਦਿਆਰਥੀਆਂ ਨੇ ਪ੍ਰਣ ਕੀਤਾ ਕਿ ਉਹ ਆਪਣੇ ਘਰਾਂ ਤੋਂ ਇਸ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ ਕਰਨਗੇ। ਵਿਦਿਆਰਥੀਆਂ ਵਲੋਂ ਕਾਲਜ 'ਚੋਂ ਪਲਾਸਟਿਕ ਤੇ ਪਾਲੀਥੀਨ ਕੂੜੇ ਨੂੰ ਇਕੱਠਾ ਕੀਤਾ ਗਿਆ। ਮੰਚ ਸੰਚਾਲਨ ਕਰਦਿਆਂ ਡਾ. ਕੁਲਦੀਪ ਚੌਹਾਨ ਨੇ ਕਿਹਾ ਕਿ ਵਿਦਿਆਰਥੀ ਰਾਹੀਂ ਸਮਾਜ 'ਚ ਪਲਾਸਟਿਕ ਦੀ ਵਰਤੋਂ ਨਾ ਕਰਨ ਸਬੰਧੀ ਵੱਡੀ ਜਾਗਰੂਕਤਾ ਲਹਿਰ ਖੜ੍ਹੀ ਕੀਤੀ ਜਾ ਸਕਦੀ ਹੈ। ਇਸ ਮੌਕੇ ਡਾ. ਸੁਪਨਦੀਪ ਕੌਰ, ਪ੍ਰੋ. ਅੰਬੇਸ਼ ਭਾਰਦਵਾਜ, ਡਾ. ਅਜਮੀਤ ਕੌਰ ਆਦਿ ਨੇ ਸੰਬੋਧਨ ਕੀਤਾ।

Scanned with CamScanner

Date 1/11/2022

ਅਜੀਤ

ਮਾਨਸਾ ਅਜੀਤ

ਅਜੀਤ, ਬਠਿੰਡਾ

ਮੰਗਲਵਾਰ, 1 ਨਵੰਬਰ, 2022






ਮਾਈ ਭਾਗੋ ਕਾਲਜ ਰੱਲਾ ਵਿਖੇ ਕੌਮੀ ਏਕਤਾ ਦੌੜ ਨੂੰ ਹਰੀ ਝੰਡੀ ਦਿੰਦੇ ਹੋਏ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਤੇ ਹੋਰ। (ਸੱਜੇ) ਨਹਿਰੂ ਕਾਲਜ ਮਾਨਸਾ ਵਿਖੇ ਰਾਸ਼ਟਰੀ ਏਕਤਾ ਦਿਵਸ ਮਨਾਉਣ ਮੌਕੇ ਸਹੁੰ ਚੁੱਕਦੇ ਹੋਏ ਪ੍ਰਿੰਸੀਪਲ, ਸਟਾਫ਼ ਅਤੇ ਵਿਦਿਆਰਥੀ। ਤਸਵੀਰਾਂ : ਸੋਮੀ ਮਾਨਸਾ

# ਵੱਲਭ ਭਾਈ ਪਟੇਲ ਦਾ ਜਨਮ ਦਿਨ ਰਾਸ਼ਟਰੀ ਏਕਤਾ ਦਿਵਸ ਵਜੋਂ ਮਨਾਇਆ

ਮਾਨਸਾ/ਜੋਗਾ, 31 ਅਕਤੂਬਰ (ਰਾਵਿੰਦਰ ਸਿੰਘ ਰਵੀ/ਮਨਜੀਤ ਸਿੰਘ ਘੜੈਲੀ)- ਲੋਹ ਪੁਰਸ਼ ਵੱਲਭ ਭਾਈ ਪਟੇਲ ਦਾ ਜਨਮ ਦਿਨ ਜ਼ਿਲ੍ਹੇ 'ਚ ਰਾਸ਼ਟਰੀ ਏਕਤਾ ਦਿਵਸ ਵਜੋਂ ਮਨਾਇਆ ਗਿਆ। ਨਹਿਰੂ ਯੁਵਾ ਕੇਂਦਰ ਮਾਨਸਾ ਵਲੋਂ ਵੱਖ-ਵੱਖ ਯੂਥ ਕਲੱਬਾਂ ਅਤੇ ਐਨ.ਐਸ.ਐਸ. ਵਲੰਟੀਅਰਾਂ ਦੇ ਸਹਿਯੋਗ ਨਾਲ ਇਹ ਦਿਨ ਮਨਾਉਣ ਮੌਕੇ ਦੇਸ਼ ਦੀ ਏਕਤਾ, ਅਖੰਡਤਾ ਅਤੇ ਸੁਰੱਖਿਆ ਨੂੰ ਬਰਕਰਾਰ ਰੱਖਣ ਲਈ ਸਹੁੰ ਚੁਕਵਾਈ ਗਈ। ਮਾਈ ਭਾਗੋ ਡਿਗਰੀ ਕਾਲਜ ਰੱਲਾ ਵਿਖੇ ਐਨ.ਐਸ.ਐਸ. ਵਿਭਾਗ ਵਲੋਂ ਰਾਸ਼ਟਰੀ ਏਕਤਾ ਦਿਵਸ ਮਨਾਇਆ ਗਿਆ। ਇਸ ਮੌਕੇ ਕਰਵਾਈ ਕੌਮੀ ਏਕਤਾ ਦੌੜ ਨੂੰ ਹਰੀ ਝੰਡੀ ਦੇਣ ਦੀ ਰਸਮ ਵਧੀਕ ... ਸੰਬੋਧਨ ਕਰਦਿਆਂ ਸਭਨਾਂ ਨੂੰ ਅਪੀਲ ਕੀਤੀ ਕਿ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰ ਕੇ ਸਮਾਜ 'ਚ ਏਕਤਾ ਬਰਕਰਾਰ ਰੱਖੀ ਜਾਵੇ। ਲੇਖਾਕਾਰ ਸੰਦੀਪ ਘੰਡ, ਵਿਜੇ ਕੁਮਾਰ ਮਿੱਢਾ ਡਿਪਟੀ ਡੀ.ਈ.ਓ.(ਸ), ਗੁਰਲਾਭ ਸਿੰਘ ਡਿਪਟੀ ਡੀ.ਈ.ਓ. (ਅ), ਰਘਵੀਰ ਸਿੰਘ ਮਾਨ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ, ਕੁਲਦੀਪ ਸਿੰਘ ਖਿਆਲਾ ਐਮ.ਡੀ. ਰੱਲਾ, ਪ੍ਰੋਗਰਾਮ ਅਫ਼ਸਰ ਗੁਰਵਿੰਦਰ ਸਿੰਘ, ਡਾ. ਯੋਗਿਤਾ ਜੋਸ਼ੀ, ਗੁਰਦੀਪ ਸਿੰਘ, ਪ੍ਰਿੰਸੀਪਲ ਡਾ. ...ਿੰਦਰ ਕੁਮਾਰੀ, ... ਕੋਆਰਡੀਨੇਟਰ ਪ੍ਰੋ. ਰਾਜਵਿੰਦਰ ਸਿੰਘ, ਗਗਨਦੀਪ ਕੌਰ, ਮਨਦੀਪ ਕੌਰ, ਮਹੀਪ ਸਿੰਘ, ਸੁਖਪਾਲ ਕੌਰ, ਬਲਜਿੰਦਰ ਕੌਰ ਆਦਿ ਹਾਜ਼ਰ ਸਨ।



... ਰੈਲੀ ਕੱਢਦੇ ਸਰਵਹਿਤਕਾਰੀ ਵਿੱਦਿਆ ... ਤਸਵੀਰ : ਗੁਰਿੰਦਰ ਸਿੰਘ ਔਲਖ

## ਨਹਿਰੂ ਕਾਲਜ ਵਿਖੇ ਰਾਸ਼ਟਰੀ ਏਕਤਾ ਦਿਵਸ ਮਨਾਇਆ

... ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਰਾਸ਼ਟਰੀ ਏਕਤਾ ... ਦਿਵਸ ਮਨਾਇਆ ਗਿਆ। ਪ੍ਰਿੰਸੀਪਲ ਡਾ. ਲਵਲੀਨ ਨੇ ਸਰਦਾਰ ਵਲੱਭ ... ਭਾਈ ਪਟੇਲ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ ਅਜਿਹੀ ... ਸ਼ਖ਼ਸੀਅਤ ... ਨੇ ... ਰਿਆਸਤਾਂ ਦੇ ਏਕੀਕਰਨ 'ਚ ਅਹਿਮ ਭੂਮਿਕਾ ਨਿਭਾਈ। ਵਿਦਿਆਰਥੀਆਂ ਨੂੰ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਣ ਲਈ ਸਹੁੰ ਚੁਕਵਾਈ ਗਈ। ਇਸ ਮੌਕੇ ਕਾਰਜਕਾਰੀ ਪ੍ਰਿੰਸੀਪਲ ਡਾ. ਜਸਕਰਨ ਸਿੰਘ, ਪ੍ਰੋਗਰਾਮ ਅਫ਼ਸਰ ਡਾ. ਸੁਪਨਦੀਪ ਕੌਰ, ਪ੍ਰੋ. ਸੁਖਦੀਪ ਸਿੰਘ, ਡਾ. ਅਵਿਨਾਸ਼ ਕੁਮਾਰ, ਡਾ. ਸੀਮਾ ਜਿੰਦਲ, ਪ੍ਰੋ. ਅਮਨਦੀਪ ਸਿੰਘ, ਪ੍ਰੋ. ਤਨਵੀਰ, ਪ੍ਰੋ. ਜੋਤੀ ਆਦਿ ਹਾਜ਼ਰ ਸਨ।

## ਵਿੱਦਿਆ ਮੰਦਰ ਭੀਖੀ ਵਿਖੇ ਮਨਾਇਆ ਗਿਆ ਏਕਤਾ ਦਿਵਸ

ਭੀਖੀ ਤੋਂ ਗੁਰਿੰਦਰ ਸਿੰਘ ਔਲਖ ਅਨੁਸਾਰ - ਵੱਲਭ ਭਾਈ ਪਟੇਲ ਦੇ ਜਨਮ ਦਿਨ ਮੌਕੇ 'ਤੇ ਸਥਾਨਕ ਸਰਵਹਿੱਤਕਾਰੀ ਵਿੱਦਿਆ ਮੰਦਰ ਸੀ.ਬੀ.ਐਸ.ਈ. ਵਿਖੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੁਆਰਾ ... ਦੀ ਸਹੁੰ ਚੁੱਕੀ ਗਈ ਅਤੇ ਰੈਲੀ ਕੱਢੀ ਗਈ। ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਜੀ ਨੇ ਸਰਦਾਰ ਵੱਲਭ ਭਾਈ ਪਟੇਲ ਦੇ ਜਨਮ ਦਿਨ ਦੀ ਵਧਾਈ ਦਿੰਦਿਆਂ ਕਿਹਾ ਜਿਸ ਤਰ੍ਹਾਂ ਪਟੇਲ ਨੇ ਸਾਰੀਆਂ ਰਿਆਸਤਾਂ ਦੇ ਏਕੀਕਰਨ ਕੀਤਾ, ਸਾਨੂੰ ਵੀ ਆਪਣੇ ਘਰ, ਪਰਿਵਾਰ ਅਤੇ ਸਮਾਜ ਨੂੰ ਏਕਤਾ ਦੇ ਸੂਤਰ ਨਾਲ ਬੰਨ੍ਹਣਾ ਚਾਹੀਦਾ ਹੈ।

Scanned with CamScanner

ਅਜੀਤ 16/11/2022



ਨਹਿਰੂ ਕਾਲਜ ਮਾਨਸਾ ਵਿਖੇ 'ਫੂਡ ਐਂਡ ਨਿਊਟਰੀਏਸ਼ਨ' ਵਿਸ਼ੇ 'ਤੇ ਕਰਵਾਏ ਲੈਕਚਰ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਪ੍ਰਿੰਸੀਪਲ ਡਾ. ਲਵਲੀਨ ਤੇ ਡਾ. ਬਲਵਿੰਦਰ ਕੌਰ। ਅਜੀਤ ਤਸਵੀਰਾਂ

# ਨਹਿਰੂ ਕਾਲਜ 'ਚ ਫੂਡ ਐਂਡ ਨਿਊਟਰੀਏਸ਼ਨ ਵਿਸ਼ੇ 'ਤੇ ਲੈਕਚਰ ਕਰਵਾਇਆ

ਮਾਨਸਾ, 15 ਨਵੰਬਰ (ਰਾਵਿੰਦਰ ਸਿੰਘ ਰਵੀ)-ਅਜੋਕੇ ਤੇਜ਼ ਤਰਾਰ ਜ਼ਮਾਨੇ 'ਚ ਸਰੀਰਕ ਤੇ ਮਾਨਸਿਕ ਤੰਦਰੁਸਤੀ ਲਈ ਸੰਤੁਲਿਤ ਭੋਜਨ ਦਾ ਸੇਵਨ ਕਰਨਾ ਅਤਿ ਜ਼ਰੂਰੀ ਹੈ ਤਾਂ ਹੀ ਭਿਆਨਕ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਵਿਅਕਤੀ ਨੂੰ ਆਪਣੇ ਕੰਮਾਂ-ਕਾਰਾਂ ਦੇ ਨਾਲ ਨਾਲ ਖ਼ੁਰਾਕ ਵੱਲ ਵੀ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਤਾਂ ਉਹ ਸਿਹਤਮੰਦ ਜ਼ਿੰਦਗੀ ਬਤੀਤ ਕਰ ਸਕੇਗਾ। ਇਹ ਵਿਚਾਰ ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਜੈਂਡਰ ਇਕੁਇਟੀ ਯੂਨਿਟ ਵਲੋਂ 'ਫੂਡ ਐਂਡ ਨਿਊਟਰੀਏਸ਼ਨ' ਵਿਸ਼ੇ 'ਤੇ ਕਰਵਾਏ ਲੈਕਚਰ ਮੌਕੇ ਬੁਲਾਰਿਆਂ ਨੇ ਕਹੇ। ਪ੍ਰਿੰਸੀਪਲ ਡਾ. ਲਵਲੀਨ ਨੇ ਕਿਹਾ ਕਿ ਖ਼ੁਰਾਕ ਪ੍ਰਤੀ ਸਹੀ ਜਾਣਕਾਰੀ ਹੋਣਾ ਸਮੇਂ ਦੀ ਮੁੱਖ ਲੋੜ ਹੈ ਕਿਉਂਕਿ ਅਗਿਆਨਤਾ ਕਰ ਕੇ ਬੱਚਿਆਂ 'ਚ ਕੁਪੋਸ਼ਣ ਦਾ ਰੋਗ ਵੱਧ ਰਿਹਾ ਹੈ। ਉਨ੍ਹਾਂ ਲੜਕੀਆਂ ਦੀ ਖ਼ੁਰਾਕ ਬਾਰੇ ਗੱਲ ਕਰਦਿਆਂ ਕਿਹਾ ਕਿ ਚੰਗੀ ਖ਼ੁਰਾਕ ਤੰਦਰੁਸਤ ਜੀਵਨ ਜਿਊਣ ਲਈ ਬੇਹੱਦ ਜ਼ਰੂਰੀ ਹੈ ਤੇ ਸਿਹਤ ਪੱਖੋਂ ਮਜ਼ਬੂਤ ਲੜਕੀਆਂ ਖ਼ੁਸ਼ਹਾਲ ਤੇ ਸਿਹਤਮੰਦ ਪਰਿਵਾਰ ਦੀ ਨੀਂਹ ਬਣ ਸਕਦੀਆਂ ਹਨ। ਡਾ. ਬਲਵਿੰਦਰ ਕੌਰ ਐਸੋਸੀਏਟ ਪ੍ਰੋਫੈਸਰ ਸਰਕਾਰੀ ਕਾਲਜ ਲੜਕੀਆਂ ਪਟਿਆਲਾ ਨੇ ਦੱਸਿਆ ਕਿ ਰਵਾਇਤੀ ਜੀਵਨ ਸ਼ੈਲੀ ਅਪਣਾ ਕੇ ਅਸੀਂ ਰੋਗ ਮੁਕਤ ਰਹਿ ਸਕਦੇ ਹਾਂ। ਉਨ੍ਹਾਂ ਕਣਕ ਦੇ ਨਾਲ-ਨਾਲ ਹਰੀਆਂ ਪੱਤੇਦਾਰ ਸਬਜ਼ੀਆਂ ਤੇ ਕੋਧਰਾ, ਬਾਜਰਾ, ਮੱਕੀ, ਜਵਾਰ ਆਦਿ ਨੂੰ ਆਪਣੀ ਖ਼ੁਰਾਕ 'ਚ ਸ਼ਾਮਿਲ ਕਰਨ ਦਾ ਸੱਦਾ ਦਿੱਤਾ। ਮੰਚ ਸੰਚਾਲਨ ਕਰਦਿਆਂ ਡਾ. ਸੁਪਨਦੀਪ ਕੌਰ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਉਹ ਖ਼ੁਰਾਕ ਪ੍ਰਤੀ ਚੇਤਨ ਹੋ ਕੇ ਸਮਾਜ ਦੇ ਲੋਕਾਂ ਨੂੰ ਜਾਗਰੂਕ ਕਰਨ। ਇਸ ਮੌਕੇ ਡਾ. ਜਸਕਰਨ ਸਿੰਘ ਸਿੱਧੂ, ਪ੍ਰੋ. ਸੁਖਦੀਪ ਸਿੰਘ, ਡਾ. ਸੀਮਾ ਜਿੰਦਲ, ਡਾ. ਅਵਿਨਾਸ਼ ਕੁਮਾਰ, ਪ੍ਰੋ. ਅੰਬੇਸ਼ ਭਾਰਦਵਾਜ, ਡਾ. ਹਰਵਿੰਦਰ ਕੌਰ ਆਦਿ ਸਟਾਫ਼ ਮੈਂਬਰ ਹਾਜ਼ਰ ਸਨ।

Scanned with CamScanner

# ਲੋਕਤੰਤਰ ਦੀ ਮਜ਼ਬੂਤੀ ਲਈ ਹਰ ਨਾਗਰਿਕ ਵੋਟ ਦੇ ਅਧਿਕਾਰ ਦੀ ਵਰਤੋਂ ਕਰੇ-ਜ਼ਿਲ੍ਹਾ ਚੋਣ ਅਫ਼ਸਰ

25/1/2023

## * ਨਵੇਂ ਬਣੇ ਵੋਟਰਾਂ ਨੂੰ ਕੀਤਾ ਸਨਮਾਨਿਤ



ਸਿਵਲ ਸਰਜਨ ਦਫ਼ਤਰ ਮਾਨਸਾ ਦੇ ਅਧਿਕਾਰੀ/ਕਰਮਚਾਰੀ ਵੋਟ ਦੀ ਨਿਰਪੱਖ ਵਰਤੋਂ ਕਰਨ ਸਬੰਧੀ ਸਹੁੰ ਚੁੱਕਦੇ ਹੋਏ। ਅਜੀਤ ਤਸਵੀਰ



ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ ਵਿਖੇ ਕੌਮੀ ਵੋਟਰ ਦਿਵਸ ਮਨਾਉਣ ਮੌਕੇ ਵਿਦਿਆਰਥੀ ਅਤੇ ਅਧਿਆਪਕ। ਅਜੀਤ ਤਸਵੀਰ

ਮਾਨਸਾ, 25 ਜਨਵਰੀ (ਬਲਵਿੰਦਰ ਸਿੰਘ ਧਾਲੀਵਾਲ, ਰਾਵਿੰਦਰ ਸਿੰਘ ਰਵੀ)- ਲੋਕਤੰਤਰ ਦੀ ਮਜ਼ਬੂਤੀ ਅਤੇ ਸਮਾਜ ਨੂੰ ਹੋਰ ਵਿਕਸਿਤ ਕਰਨ ਲਈ ਹਰੇਕ ਨਾਗਰਿਕ ਨੂੰ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਲਾਜ਼ਮੀ ਕਰਨੀ ਚਾਹੀਦੀ ਹੈ। ਇਹ ਵਿਚਾਰ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਬਲਦੀਪ ਕੌਰ ਨੇ ਸਥਾਨਕ ਮਾਤਾ ਸੁੰਦਰੀ ਕਾਲਜ ਵਿਖੇ 13ਵੇਂ ਰਾਸ਼ਟਰੀ ਵੋਟਰ ਦਿਵਸ ਮੌਕੇ ਕਰਵਾਏ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਵੋਟ ਦੇ ਅਧਿਕਾਰ ਬਾਰੇ ਨੌਜਵਾਨ ਪੀੜ੍ਹੀ ਨੂੰ ਪ੍ਰੇਰਿਤ ਕਰਦਿਆਂ ਕੀਤਾ। ਉਨ੍ਹਾਂ 18 ਸਾਲ ਦੀ ਉਮਰ ਪੂਰੀ ਕਰ ਚੁੱਕੇ ਨਵੇਂ ਵੋਟਰਾਂ ਨੂੰ ਐਪਿਕ ਕਾਰਡ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਐਸ.ਡੀ.ਐਮ ਬੁਢਲਾਡਾ ਪ੍ਰਮੋਦ ਸਿੰਗਲਾ, ਚੋਣ ਤਹਿਸੀਲਦਾਰ ਫ਼ਰੀਦ ਕੁਮਾਰ, ਜ਼ਿਲ੍ਹਾ ਸਿੱਖਿਆ ਅਫ਼ਸਰ ਹਰਿੰਦਰ ਸਿੰਘ ਭੁੱਲਰ, ਸਹਾਇਕ ਨੋਡਲ ਅਫ਼ਸਰ (ਸਵੀਪ) ਨਰਿੰਦਰ ਮੋਹਲ, ਪ੍ਰਿੰਸੀਪਲ ਡਾ. ਬਰਿੰਦਰ ਕੌਰ, ਵਰੁਣ ਗੋਇਲ, ਅਮਨਦੀਪ ਸਿੰਘ, ਅਮਰਨਾਥ ਸਿੰਘ, ਰਾਜੇਸ਼ ਯਾਦਵ, ਮਹਿੰਦਰ ਕੌਰ, ਸਰਬਜੀਤ ਕੌਰ ਆਦਿ ਹਾਜ਼ਰ ਸਨ।



ਮਾਡਰਨ ਕਾਲਜ ਆਫ਼ ਐਜੂਕੇਸ਼ਨ ਭੀਖੀ ਵਿਖੇ ਰਾਸ਼ਟਰੀ ਵੋਟਰ ਦਿਵਸ ਮੌਕੇ ਪੋਸਟਰ ਮੇਕਿੰਗ 'ਚ ਭਾਗ ਲੈਣ ਸਮੇਂ ਵਿਦਿਆਰਥਣਾਂ। ਤਸਵੀਰ : ਔਲਖ

ਸਿਵਲ ਸਰਜਨ ਦਫ਼ਤਰ ਦੇ ਅਧਿਕਾਰੀਆਂ/ਕਰਮਚਾਰੀਆਂ ਨੇ ਸਹੁੰ ਚੁੱਕੀ

ਸਥਾਨਕ ਸਿਵਲ ਸਰਜਨ ਦਫ਼ਤਰ ਵਿਖੇ ਕੌਮੀ ਵੋਟਰ ਦਿਵਸ ਮਨਾਇਆ ਗਿਆ। ਡਾ. ਅਸ਼ਵਨੀ ਕੁਮਾਰ ਸਿਵਲ ਸਰਜਨ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਭਾਰਤ ਦੇ ਨਾਗਰਿਕ ਹੋਣ ਦੇ ਨਾਤੇ ਲੋਕਤੰਤਰ 'ਚ ਵਿਸ਼ਵਾਸ ਰੱਖਦੇ ਹੋਏ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਅਸੀਂ ਆਪਣੇ ਦੇਸ਼ ਦੀਆਂ ਲੋਕਤੰਤਰੀ ਪਰੰਪਰਾਵਾਂ ਕਾਇਮ ਰੱਖਣ ਦੇ ਨਾਲ ਹੀ ਬਿਨਾਂ ਕਿਸੇ ਡਰ, ਲਾਲਚ ਦੇ ਆਪਣੀ ਵੋਟ ਦੀ ਵਰਤੋਂ ਕਰੀਏ। ਇਸ ਮੌਕੇ ਦਰਸ਼ਨ ਸਿੰਘ, ਕੰਵਲ ਸਿੰਘ, ਸੰਤੋਸ਼ ਭਾਰਤੀ, ਗੁਰਜੰਟ ਸਿੰਘ, ਗੀਤਾ ਗੁਪਤਾ, ਸੰਦੀਪ ਸਿੰਘ ਆਦਿ ਹਾਜ਼ਰ ਸਨ।

**ਨਹਿਰੂ ਕਾਲਜ 'ਚ ਕੌਮੀ ਵੋਟਰ ਦਿਵਸ ਮਨਾਇਆ**

ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਕੌਮੀ ਵੋਟਰ ਦਿਵਸ ਮਨਾਇਆ ਗਿਆ। ਵਿਦਿਆਰਥੀਆਂ ਦੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਅਤੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਡਾ. [illegible] ਨੇ ਵਿਦਿਆਰਥੀਆਂ ਨੂੰ [illegible] ਲੋਕਤੰਤਰਿਕ [illegible] ਨੂੰ ਕਾਇਮ ਰੱਖਣ ਲਈ [illegible]

**ਮਾਡਰਨ ਕਾਲਜ ਆਫ਼ ਐਜੂਕੇਸ਼ਨ ਭੀਖੀ 'ਚ ਰਾਸ਼ਟਰੀ ਵੋਟਰ ਦਿਵਸ ਮਨਾਇਆ**

ਭੀਖੀ (ਗੁਰਿੰਦਰ ਸਿੰਘ ਔਲਖ)- ਸਥਾਨਕ ਮਾਡਰਨ ਕਾਲਜ ਆਫ਼ ਐਜੂਕੇਸ਼ਨ ਵਿਖੇ ਰਾਸ਼ਟਰੀ ਵੋਟਰ ਦਿਵਸ ਪ੍ਰਿੰਸੀਪਲ ਡਾ. [illegible] ਕੌਰ ਦੀ ਅਗਵਾਈ ਹੇਠ ਮਨਾਇਆ ਗਿਆ। [illegible] ਅਮਨਦੀਪ ਕੌਰ ਨੇ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਸਹੁੰ ਚੁਕਾਈ। ਵਿਦਿਆਰਥਣਾਂ ਦੇ ਚੋਣ ਅਤੇ ਵੋਟ ਅਧਿਕਾਰ ਨਾਲ ਸਬੰਧਿਤ ਭਾਸ਼ਣ ਮੁਕਾਬਲੇ ਕਰਵਾਏ ਗਏ ਤੇ ਨਾਲ ਹੀ ਪੋਸਟਰ ਮੁਕਾਬਲਾ ਕਰਵਾਇਆ ਗਿਆ। ਇਸ ਮੌਕੇ ਪ੍ਰੋ. ਅਮਨਦੀਪ ਕੌਰ, ਡਾ. [illegible] ਰਾਣੀ, ਹਰਵਿੰਦਰ ਕੌਰ, ਪ੍ਰੋ. ਅਮਨਦੀਪ ਕੌਰ, ਪ੍ਰੋ. ਜਗਜੀਤ ਸਿੰਘ ਆਦਿ ਹਾਜ਼ਰ ਸਨ।

8/12/2022




ਨਹਿਰੂ ਕਾਲਜ ਮਾਨਸਾ ਵਿਖੇ ਵਿਸ਼ਵ ਏਡਜ਼ ਦਿਵਸ ਮੌਕੇ ਜਾਗਰੂਕਤਾ ਰੈਲੀ ਕੱਢਣ ਸਮੇਂ ਵਿਦਿਆਰਥੀ ਤੇ ਸਟਾਫ਼।



ਭਾਈ ਬਹਿਲੋ ਕਾਲਜ ਫਫੜੇ ਭਾਈਕੇ ਵਿਖੇ ਏਡਜ਼ ਸੰਬੰਧੀ ਜਾਣਕਾਰੀ ਦਿੰਦੀ ਹੋਈ ਵਲੰਟੀਅਰ ਅਨਦੀਪ ਕੌਰ।



ਮਾਈ ਭਾਗੋ ਕਾਲਜ ਰੱਲਾ ਵਿਖੇ ਵਿਸ਼ਵ ਏਡਜ਼ ਦਿਵਸ ਸੰਬੰਧੀ ਜਾਗਰੂਕਤਾ ਰੈਲੀ ਕੱਢਣ ਸਮੇਂ ਵਿਦਿਆਰਥੀ। ਅਜੀਤ ਤਸਵੀਰ

# ਏਡਜ਼ ਦੇ ਖ਼ਾਤਮੇ ਲਈ ਜਾਗਰੂਕਤ ਲਹਿਰ ਚਲਾਉਣਾ ਸਮੇਂ ਦੀ ਮੁੱਖ ਲੋੜ

## ਨਹਿਰੂ ਕਾਲਜ ਦੇ ਵਿਦਿਆਰਥੀਆਂ ਨੇ ਕੱਢੀ ਰੈਲੀ

ਮਾਨਸਾ, 1 ਦਸੰਬਰ (ਰਾਵਿੰਦਰ ਸਿੰਘ ਰਵੀ)-ਏਡਜ਼ ਲਾਇਲਾਜ ਬਿਮਾਰੀ ਹੈ, ਦੇ ਖ਼ਾਤਮੇ ਲਈ ਜਾਗਰੂਕਤਾ ਲਹਿਰ ਚਲਾਉਣੀ ਸਮੇਂ ਦੀ ਮੁੱਖ ਲੋੜ ਹੈ। ਨੌਜਵਾਨ ਵਿਦਿਆਰਥੀਆਂ ਨੂੰ ਚੇਤਨ ਹੋ ਕੇ ਇਸ ਬਿਮਾਰੀ ਦੇ ਪ੍ਰਕੋਪ ਨੂੰ ਵਧਣ ਤੋਂ ਰੋਕਣ ਲਈ ਹੰਭਲੇ ਮਾਰਨੇ ਪੈਣਗੇ ਤਾਂ ਹੀ ਲੋਕਾਂ ਹੀ ਲੋਕਾਂ ਦੀ ਜ਼ਿੰਦਗੀ ਨੂੰ ਬਚਾਇਆ ਜਾ ਸਕਦਾ ਹੈ। ਇਹ ਇਕਸੁਰੀ ਗੱਲਬਾਤ ਜ਼ਿਲ੍ਹੇ 'ਚ ਵੱਖ-ਵੱਖ ਥਾਵਾਂ 'ਤੇ ਵਿਸ਼ਵ ਏਡਜ਼ ਦਿਵਸ ਮਨਾਉਣ ਮੌਕੇ ਬੁਲਾਰਿਆਂ ਦੇ ਵਿਚਾਰਾਂ 'ਚੋਂ ਸਾਹਮਣੇ ਆਈ। ਰੈੱਡ ਰਿਬਨ ਸੈੱਲ ਤੇ ਐਨ. ਐਸ. ਐਸ. ਵਿਭਾਗ ਵਲੋਂ ਸਾਂਝੇ ਤੌਰ 'ਤੇ ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਏਡਜ਼ ਜਾਗਰੂਕਤਾ ਰੈਲੀ ਕੱਢਣ ਮੌਕੇ ਹਰੀ ਝੰਡੀ ਦੇਣ ਦੀ ਰਸਮ ਅਦਾ ਕਰਦਿਆਂ ਕਾਲਜ ਪ੍ਰਿੰਸੀਪਲ ਡਾ. ਲਵਲੀਨ ਨੇ ਦੱਸਿਆ ਕਿ ਐਚ. ਆਈ. ਵੀ. ਨਾਂਅ ਦਾ ਵਾਇਰਸ ਇਸ ਬਿਮਾਰੀ ਦਾ ਜਨਮਦਾਤਾ ਹੈ, ਦੇ ਸਰੀਰ 'ਚ ਦਾਖ਼ਲ ਹੋਣ ਨਾਲ ਮਨੁੱਖ ਦੀ ਸਰੀਰਕ ਸਮਰੱਥਾ ਏਨੀ ਘੱਟ ਜਾਂਦੀ ਹੈ ਕਿ ਉਹ ਰੋਗਾਂ ਨਾਲ ਲੜ ਨਹੀਂ ਸਕਦਾ। ਉਨ੍ਹਾਂ ਕਿਹਾ ਕਿ ਇਸ ਬਿਮਾਰੀ ਤੋਂ ਬਚਣ ਲਈ ਪ੍ਰਹੇਜ਼ ਹੀ ਕੀਤਾ ਜਾ ਸਕਦਾ ਹੈ। ਰਾਜਨੀਤੀ ਸ਼ਾਸਤਰ ਵਿਭਾਗ ਦੇ ਸਹਾਇਕ ਪ੍ਰੋਫੈਸਰ ਡਾ. ਰਾਵਿੰਦਰ ਸਿੰਘ ਨੇ ਬਿਮਾਰੀ ਦੇ ਲੱਛਣਾਂ ਬਾਰੇ ਕਿਹਾ ਕਿ ਭਾਰਤ 'ਚ ਇਹ ਬਿਮਾਰੀ ਲਗਾਤਾਰ ਵਧ ਰਹੀ ਹੈ, ਨੂੰ ਰੋਕਣ ਲਈ ਸਾਂਝੇ ਯਤਨ ਜੁਟਾਉਣ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ ਅਗਿਆਨਤਾ ਇਸ ਬਿਮਾਰੀ ਦਾ ਧੁਰਾ ਹੈ ਤੇ 80 ਫ਼ੀਸਦੀ ਲੋਕ ਅਸੁਰੱਖਿਅਤ ਯੌਨ ਸੰਬੰਧਾਂ, 18 ਫ਼ੀਸਦੀ ਦੂਸ਼ਿਤ ਖ਼ੂਨ ਤੇ 2 ਫ਼ੀਸਦੀ ਦੂਸ਼ਿਤ ਸਰਿੰਜਾਂ ਦੀ ਵਰਤੋਂ ਕਰ ਕੇ ਇਸ ਬਿਮਾਰੀ ਦੀ ਜਕੜ 'ਚ ਆ ਰਹੇ ਹਨ। ਉਨ੍ਹਾਂ ਨੌਜਵਾਨ ਵਿਦਿਆਰਥੀਆਂ ਤੇ ਲੋਕਾਈ ਨੂੰ ਸੱਦਾ ਦਿੱਤਾ ਕਿ ਪਿੰਡਾਂ ਤੇ ਸ਼ਹਿਰਾਂ 'ਚ ਏਡਜ਼ ਖ਼ਿਲਾਫ਼ ਜਾਗਰੂਕਤਾ ਸੈਮੀਨਾਰ ਕਰਵਾ ਕੇ ਇਸ ਦੇ ਖ਼ਾਤਮੇ ਲਈ ਯਤਨ ਜੁਟਾਏ ਜਾਣ। ਭਰਵੀਂ ਗਿਣਤੀ 'ਚ ਵਿਦਿਆਰਥੀਆਂ ਨੇ ਹੱਥਾਂ 'ਚ ਚਾਰਟ, ਤਖ਼ਤੀਆਂ ਤੇ ਬੈਨਰ ਫੜ ਕੇ ਰੈਲੀ ਕੱਢਦਿਆਂ ਹੋਕਾ ਦਿੱਤਾ ਕਿ ਆਓ ਇਸ ਨਾਮੁਰਾਦ ਬਿਮਾਰੀ ਦੇ ਖ਼ਾਤਮੇ ਲਈ ਲੋਕ ਲਹਿਰ ਚਲਾਈਏ ਤਾਂ ਹੀ ਲੋਕ ਸਿਹਤਮੰਦ ਜੀਵਨ ਬਤੀਤ ਕਰ ਸਕਦੇ ਹਨ। ਸੰਬੋਧਨ ਤੇ ਸ਼ਾਮਿਲ ਹੋਣ ਵਾਲਿਆਂ 'ਚ ਏਡਜ਼ ਕੰਟਰੋਲ ਸੈੱਲ ਦੇ ਕਨਵੀਨਰ ਪ੍ਰੋ. ਬਲਜੀਤ ਸਿੰਘ, ਡਾ. ਹਰਵਿੰਦਰ ਕੌਰ, ਪ੍ਰੋ. ਸੋਨਮ ਚਾਵਲਾ, ਪ੍ਰੋ. ਪ੍ਰਤਿਭਾ ਜਿੰਦਲ, ਪ੍ਰੋ. ਸਿੰਪਲ ਬਾਂਸਲ ਤੋਂ ਇਲਾਵਾ ਐਨ. ਐਸ. ਐਸ. ਦੇ ਪ੍ਰੋਗਰਾਮ ਅਫ਼ਸਰ ਡਾ. ਸੁਪਨਦੀਪ ਕੌਰ, ਡਾ. ਤਨਵੀਰ ਸਿੰਘ, ਪ੍ਰੋ. ਅਮਨਦੀਪ ਸਿੰਘ, ਪ੍ਰੋ. ਜੋਤੀ, ਸਹਾਇਕ ਡਾਇਰੈਕਟਰ



ਸਰਦੂਲਗੜ੍ਹ ਵਿਖੇ ਵਿਸ਼ਵ ਏਡਜ਼ ਜਾਗਰਕਤਾ ਦਿਵਸ ਮਨਾਉਣ ਮੌਕੇ ਸੰਬੋਧਨ ਕਰਦੇ ਹੋਏ ਡਾ. ਵੇਦ ਪ੍ਰਕਾਸ਼ ਸੰਧੂ। ਤਸਵੀਰ : ਜੀ. ਐਮ. ਅਰੋੜਾ

ਬਣਦੀ ਹੈ। ਇਸ ਮੌਕੇ ਵਿਕਰਮਜੀਤ ਸਿੰਘ, ਮਨਦੀਪ ਕੌਰ, ਸਰਬਜੀਤ ਸਿੰਘ ਆਦਿ ਹਾਜ਼ਰ ਸਨ।

### ਜਾਗਰੂਕਤਾ ਰੈਲੀ ਕੱਢੀ

ਜੋਗਾ ਤੋਂ ਮਨਜੀਤ ਸਿੰਘ ਘੜੈਲੀ ਅਨੁਸਾਰ-ਮਾਈ ਭਾਗੋ ਕਾਲਜ ਆਫ਼ ਐਜੂਕੇਸ਼ਨ ਰੱਲਾ ਵਿਖੇ ਵਿਸ਼ਵ ਏਡਜ਼ ਦਿਵਸ ਸੰਬੰਧੀ ਜਾਗਰੂਕਤਾ ਰੈਲੀ ਕੱਢੀ ਗਈ। ਪ੍ਰੋਗਰਾਮ ਇੰਚਾਰਜ ਸਹਾਇਕ ਪ੍ਰੋਫੈਸਰ ਮਨਪ੍ਰੀਤ ਕੌਰ ਸਿੱਧੂ ਦੀ ਅਗਵਾਈ ਹੇਠ ਵਿਦਿਆਰਥੀਆਂ ਨੇ ਏਡਜ਼ ਵਰਗੀ ਲਾਇਲਾਜ ਬਿਮਾਰੀ ਦੇ ਕਾਰਨ ਤੇ ਪ੍ਰਭਾਵ ਸੰਬੰਧੀ ਜਾਗਰੂਕਤਾ ਭਰਪੂਰ ਸਲੋਗਨ ਬਣਾਏ। ਬੀ. ਐੱਡ ਵਿਭਾਗ ਦੇ ਕੋਆਰਡੀਨੇਟਰ ਪ੍ਰੋ. ਮਨਦੀਪ ਸਿੰਘ ਨੇ ਦੱਸਿਆ ਕਿ ਰੈਲੀ ਦੌਰਾਨ ਏਡਜ਼ ਦੇ ਇਲਾਜ ਤੇ ਰੋਕਥਾਮ ਸੰਬੰਧੀ ਸੁਨੇਹਾ ਘਰ ਘਰ ਪਹੁੰਚਾਇਆ। ਪ੍ਰਿੰਸੀਪਲ ਡਾ. ਪਰਮਿੰਦਰ ਕੁਮਾਰੀ, ਚੇਅਰਮੈਨ ਡਾ. ਕੁਲਵਿੰਦਰ ਸਿੰਘ ਬਰਾੜ, ਮੈਨੇਜਿੰਗ ਡਾਇਰੈਕਟਰ ਕੁਲਦੀਪ ਸਿੰਘ ਖਿਆਲਾ, ਸਕੱਤਰ ਮਨਜੀਤ ਸਿੰਘ ਖਿਆਲਾ, ਵਾਈਸ ਚੇਅਰਮੈਨ ਪਰਮਜੀਤ ਸਿੰਘ ਬੁਰਜ ਹਰੀ, ਪ੍ਰੋ. ਬਰਨਜੀਤ ਸਿੰਘ, ਪ੍ਰੋ. ਗਗਨਦੀਪ ਕੌਰ, ਪ੍ਰੋ. ਨਵਦੀਪ ਕੌਰ ਆਦਿ ਹਾਜ਼ਰ ਸਨ।

### ਵਿਸ਼ਵ ਏਡਜ਼ ਦਿਵਸ ਮਨਾਇਆ

ਸਰਦੂਲਗੜ੍ਹ ਤੋਂ ਜੀ. ਐਮ. ਅਰੋੜਾ ਅਨੁਸਾਰ-ਸਰਦੂਲਗੜ੍ਹ ਵਿਖੇ ਸੀ. ਆਈ. ਡੀ. ਵਿਭਾਗ ਦੇ ਦਫ਼ਤਰ ਵਿਖੇ ਇੰਸਪੈਕਟਰ ਦਵਿੰਦਰ ਕੁਮਾਰ ਦੀ ਅਗਵਾਈ ਹੇਠ ਵਿਸ਼ਵ ਏਡਜ਼ ਜਾਗਰੂਕਤਾ ਦਿਵਸ ਮਨਾਇਆ ਗਿਆ। ਸੀਨੀਅਰ ਮੈਡੀਕਲ ਅਫ਼ਸਰ ਸਰਦੂਲਗੜ੍ਹ ਵੇਦ ਪ੍ਰਕਾਸ਼ ਸੰਧੂ ਨੇ ਕਿਹਾ ਕਿ ਏਡਜ਼ ਇਕ ਲਾਇਲਾਜ ਬਿਮਾਰੀ ਹੈ, ਜਿਸ ਨੂੰ ਫੈਲਣ ਤੋਂ ਰੋਕਣ ਲਈ ਕੁਝ ਸਾਵਧਾਨੀਆਂ ਵਰਤਣੀਆਂ ਬਹੁਤ ਜ਼ਰੂਰੀ ਹਨ। ਉਨ੍ਹਾਂ ਨੇ ਦੱਸਿਆ ਕਿ ਏਡਜ਼ ਐਚ. ਆਈ. ਵੀ. ਵਾਇਰਸ ਦੇ ਸੰਕਰਮਣ ਕਾਰਨ ਹੁੰਦਾ ਹੈ। ਇਹ ਕਿਸੇ ਵੀ ਸੁਰੱਖਿਅਤ ਵਿਅਕਤੀ ਨੂੰ ਐਚ. ਆਈ. ਵੀ. ਟੈਸਟ ਨਾ ਕੀਤਾ ਹੋਇਆ ਖ਼ੂਨ ਚੜ੍ਹਾਉਣ ਤੇ ਗਰਭਵਤੀ ਔਰਤ ਤੋਂ ਨਵਜਨਮੇ ਬੱਚੇ ਨੂੰ ਵਰਤੀਆਂ ਹੋਈਆਂ ਸੂਈਆਂ ਤੇ ਸਰਿੰਜਾਂ ਰਾਹੀਂ ਤੇ ਅਸੁਰੱਖਿਅਤ ਯੌਨ ਸੰਬੰਧਾਂ ਰਾਹੀਂ ਇਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਫੈਲਦਾ ਹੈ। [illegible] ਤਿਰਲੋਕ [illegible] ਸਿੰਘ, ਸਹਾਇਕ ਇੰਸਪੈਕਟਰ ਗੁਰਜਿੰਦਰ ਸਿੰਘ, ਸੁਖਦੀਪ ਸਿੰਘ, ਸਿਕੰਦਰ ਸਿੰਘ, ਜਸਪਾਲ [illegible] ਦਰ ਸਿੰਘ, [illegible] ਜਸਪ੍ਰੀਤ ਸਿੰਘ ਹੌਲਦਾਰ, ਰੇਸ਼ਮ ਸਿੰਘ, ਰੁਪਿੰਦਰ ਕੌਰ, ਰਾਜਵਿੰਦਰ ਕੌਰ, ਜਸਵੀਰ ਸਿੰਘ, [illegible] ਜਵਿੰਦਰ ਸਿੰਘ, ਸਾਰਜਿੰਦਰ ਸਿੰਘ ਆਦਿ ਹਾਜ਼ਰ ਸਨ।

ਅਜੀਤ

17/11/2022

ਅਜੀਤ 17/11/2022




ਨਹਿਰੂ ਕਾਲਜ ਮਾਨਸਾ ਵਿਖੇ ਜਾਗਰੂਕਤਾ ਕੈਂਪ ਮੌਕੇ ਕਰਵਾਏ ਮੁਕਾਬਲਿਆਂ ਦੇ ਜੇਤੂ ਵਿਦਿਆਰਥੀ ਨੂੰ ਸਨਮਾਨਿਤ ਕਰਦੇ ਹੋਏ ਪ੍ਰਬੰਧਕ। ਅਜੀਤ ਤਸਵੀਰ

# ਪਰਾਲੀ ਦੀ ਸਾਂਭ-ਸੰਭਾਲ ਸਬੰਧੀ ਲਗਾਇਆ ਜਾਗਰੂਕਤਾ ਕੈਂਪ

ਮਾਨਸਾ, 16 ਨਵੰਬਰ (ਰਾਵਿੰਦਰ ਸਿੰਘ ਰਵੀ)- ਦਿਨ ਪ੍ਰਤੀ ਦਿਨ ਪ੍ਰਦੂਸ਼ਿਤ ਹੋ ਰਹੇ ਵਾਤਾਵਰਨ ਨੂੰ ਬਚਾਉਣ ਲਈ ਸਾਂਝੇ ਯਤਨ ਜੁਟਾਉਣੇ ਸਮੇਂ ਦੀ ਮੁੱਖ ਲੋੜ ਹੈ। ਜੇਕਰ ਲੋਕ ਹੁਣ ਵੀ ਸੁਚੇਤ ਨਾ ਹੋਏ ਤਾਂ ਵਾਤਾਵਰਨ 'ਚ ਆ ਰਹੇ ਵਿਗਾੜ ਦੇ ਨਤੀਜੇ ਮੌਜੂਦਾ ਤੇ ਆਉਣ ਵਾਲੀਆਂ ਪੀੜੀਆਂ ਨੂੰ ਭੁਗਤਣੇ ਪੈਣਗੇ। ਇਹ ਗੱਲਬਾਤ ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਕ੍ਰਿਸ਼ੀ ਵਿਗਿਆਨ ਕੇਂਦਰ ਮਾਨਸਾ ਵਲੋਂ ਪਰਾਲੀ ਦੀ ਸਾਂਭ-ਸੰਭਾਲ ਸਬੰਧੀ ਲਗਾਏ ਜਾਗਰੂਕਤਾ ਕੈਂਪ ਮੌਕੇ ਬੁਲਾਰਿਆਂ ਨੇ ਕਹੀ। ਸਹਾਇਕ ਪ੍ਰੋਫੈਸਰ ਗ੍ਰਹਿ ਵਿਗਿਆਨ ਰਾਜਿੰਦਰ ਕੌਰ ਸਿੱਧੂ ਨੇ ਵਿਦਿਆਰਥੀਆਂ ਨੂੰ ਪਰਾਲੀ ਦੇ ਧੂੰਏਂ ਨਾਲ ਵਾਤਾਵਰਨ ਅਤੇ ਜੀਵਾਂ ਨੂੰ ਹੁੰਦੇ ਨੁਕਸਾਨ ਤੋਂ ਬਚਾਅ ਪ੍ਰਤੀ ਜਾਗਰੂਕ ਕੀਤਾ। ਅਲੋਕ ਗੁਪਤਾ ਸਹਾਇਕ ਪ੍ਰੋਫੈਸਰ ਭੂਮੀ ਅਤੇ ਜਲ ਇੰਜੀਨੀਅਰਿੰਗ ਨੇ ਦੱਸਿਆ ਕਿ ਕ੍ਰਿਸ਼ੀ ਵਿਗਿਆਨ ਕੇਂਦਰ ਵਲੋਂ ਪਰਾਲੀ ਦੀ ਸਾਂਭ-ਸੰਭਾਲ ਲਈ ਮਸ਼ੀਨਰੀ ਬਹੁਤ ਹੀ ਘੱਟ ਰੇਟਾਂ 'ਤੇ ਮੁਹੱਈਆ ਕਰਵਾਈ ਜਾਂਦੀ ਹੈ। ਚਿੱਤਰਕਲਾ ਮੁਕਾਬਲਿਆਂ 'ਚੋਂ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਮੰਚ ਸੰਚਾਲਨ ਡਾ. ਕੁਲਦੀਪ ਚੌਹਾਨ ਨੇ ਕੀਤਾ। ਡਾ. ਅਜੈ ਸਿੰਘ ਸਹਾਇਕ ਪ੍ਰੋਫੈਸਰ ਪਸ਼ੂ ਵਿਗਿਆਨ, ਕਾਰਜਕਾਰਨੀ ਪ੍ਰਿੰਸੀਪਲ ਡਾ. ਜਸਕਰਨ ਸਿੰਘ ਸਿੱਧੂ, ਪ੍ਰੋ. ਸੁਖਦੀਪ ਸਿੰਘ, ਡਾ. ਸੁਪਨਦੀਪ ਕੌਰ, ਡਾ. ਹਰਵਿੰਦਰ ਕੌਰ, ਪ੍ਰੋ. [illegible]

दैनिक भास्कर 19/11/2022

# कॉलेज में पंजाबी माह को समर्पित लाल सिंह यादगारी भाषण करवाया




मानसा | लाल सिंह दिल अनेक तंगी परेशानी के साथ जूझता हुआ शब्द को अपना साथी बनाता है और साहित्य जगत में अपनी अलग पहचान स्थापित करता है। हर पक्ष से बेहतर उचित साहित्य रचना करने के बावजूद लाल सिंह दिल को वह पहचान व मान महसूस नहीं हुआ, जिसका वह हकदार था। इन शब्दों का प्रगटावा पंजाबी साहित्य अकादमी लुधियाना द्वारा पंजाबी माह को समर्पित नेहरू मैमोरियल सरकारी कालेज मानसा में करवाए जा रहे यादगारी भाषण में डा. राज कुमार हंस ने किया। उन्होंने कहा कि लाल सिंह दिल के अलावा पंजाबी साहित्य में दलित साहित्यकारों को अपनी जाती के कारण खमियाजा भुगतना पड़ा। कालेज प्रिंसिपल डा. लवलीन ने अपने स्वागती भाषण दौरान कहा कि ऐसे समागम संस्थाओं में होने बहुत जरूरी है, क्योंकि इसके साथ विद्यार्थियों अंदर साहित्य रूची का विकास होता है। गुरचरण कोचर ने लाल सिंह दिल की महिलाओं बारे अपनी गई सोच को विद्यार्थियों के साथ सांझा किया। समागम दौरान मनप्रीत कौर, परमजीत कौर, खुशपिंदर चौहान ने दलित चेतना के साथ संबंधित कविताओं का पाठ किया। समागम की अध्यक्षता कर रहे प्रो. रविंदर सिंह भट्ठल ने लाल सिंह दिल के जीवन पर रोशनी डाली। साहित्य अकादमी के सचिव डा. गुरइकबाल सिंह ने आए हुए मेहमानों का धन्यवाद किया। मंच की भूमिका डा. कुलदीप दीप ने निभाई। इस मौके कहानीकार जसवीर ढंड, डा. गुरमेल कौर जोशी, दर्शन जोगा, अमोलक सिंह, जिला भाषा अफसर तेजिंदर कौर, गुरप्रीत सिंह, डा. सुपनदीप कौर, प्रो. अंबेश भाद्ववाज, डा. अजमीत कौर, डा. हरविंदर कौर, डा. कुलदीप सिंह, प्रो. जोती, प्रो. सोनम चावला हाजिर थे।

Scanned with CamScanner

ਅਜੀਤ

19/11/2022



ਨਹਿਰੂ ਕਾਲਜ ਮਾਨਸਾ ਵਿਖੇ ਕਰਵਾਏ ਭਾਸ਼ਨ ਮੌਕੇ ਮਹਿਮਾਨਾਂ ਦਾ ਸਨਮਾਨ ਕਰਦੇ ਹੋਏ ਪ੍ਰਿੰਸੀਪਲ। ਅਜੀਤ ਤਸਵੀਰ

# ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਯਾਦਗਾਰੀ ਭਾਸ਼ਨ ਕਰਵਾਇਆ

- **ਨਹਿਰੂ ਕਾਲਜ 'ਚ ਭਾਸ਼ਨ ਕਰਵਾਇਆ**

ਮਾਨਸਾ, 18 ਨਵੰਬਰ (ਰਾਵਿੰਦਰ ਸਿੰਘ ਰਵੀ)- ਲਾਲ ਸਿੰਘ ਦਿਲ ਕਮਾਲ ਦਾ ਸ਼ਾਇਰ ਸੀ, ਨੇ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਨਾਲ ਜੂਝਦਿਆਂ ਆਰਥਿਕਤਾ ਦੀ ਚੱਕੀ 'ਚ ਪਿਸਦਿਆਂ ਵੀ ਕਿਰਤੀ ਲੋਕਾਂ ਦੀ ਗੱਲ ਕਰਦਿਆਂ ਗੁਣਾਤਮਿਕ ਅਤੇ ਗਿਣਾਤਮਿਕ ਪੱਖੋਂ ਉੱਚ ਪਾਏ ਦੇ ਸਾਹਿਤ ਦੀ ਸਿਰਜਨਾ ਕੀਤੀ ਪਰ ਉਸ ਨੂੰ ਉਹ ਪਛਾਣ ਅਤੇ ਮਾਣ ਪ੍ਰਾਪਤ ਨਹੀਂ ਹੋਇਆ, ਜਿਸ ਦਾ ਉਹ ਹੱਕਦਾਰ ਸੀ ਪਰ ਮਾਣ ਵਾਲੀ ਗੱਲ ਇਹ ਹੈ ਕਿ ਉਹ ਪਾਠਕਾਂ ਤੇ ਲੇਖਕਾਂ ਦੇ ਦਿਲ 'ਤੇ ਰਾਜ ਕਰਦਾ ਹੈ। ਇਹ ਵਿਚਾਰ ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵਲੋਂ 'ਪੰਜਾਬੀ ਮਾਹ' ਨੂੰ ਸਮਰਪਿਤ ਕਵੀ ਲਾਲ ਸਿੰਘ ਦਿਲ ਯਾਦਗਾਰੀ ਭਾਸ਼ਨ ਕਰਵਾਉਣ ਮੌਕੇ ਬੁਲਾਰਿਆਂ ਨੇ ਪ੍ਰਗਟਾਏ। ਮੁੱਖ ਵਕਤਾ ਸ਼ਾਇਰ ਡਾ. ਰਾਜ ਕੁਮਾਰ ਹੰਸ ਸੇਵਾ ਮੁਕਤ ਪ੍ਰੋਫੈਸਰ ਸਾਇਆਜੀ ਰਾਓ ਯੂਨੀਵਰਸਿਟੀ ਬੜੌਦਾ ਨੇ ਕਿਹਾ ਕਿ ਦਿਲ ਅਗਾਂਹਵਧੂ ਕਵੀ ਸੀ, ਜਿਸ ਨੇ ਜੋ ਵੇਖਿਆ, ਹੰਢਾਇਆ ਨਾਲ ਸ਼ਬਦਾਂ ਦੀ ਸਾਂਝ ਪਾ ਕੇ ਸਾਹਿਤਕ ਖੇਤਰ 'ਚ ਪ੍ਰਗਤੀਵਾਦੀ ਪਛਾਣ ਸਥਾਪਿਤ ਕੀਤੀ। ਪ੍ਰਿੰਸੀਪਲ ਡਾ. ਲਵਲੀਨ ਨੇ ਕਿਹਾ ਕਿ ਅਜਿਹੇ ਸਮਾਗਮ ਵਿਦਿਆਰਥੀਆਂ ਅੰਦਰ ਸਾਹਿਤਕ ਚੇਤਨ ਪੈਦਾ ਕਰਦੇ ਹਨ। ਪੰਜਾਬੀ ਸਾਹਿਤ ਅਕਾਦਮੀ ਦੇ ਸਾਬਕਾ ਪ੍ਰਧਾਨ ਪ੍ਰੋ. ਰਾਵਿੰਦਰ ਸਿੰਘ ਭੱਠਲ ਨੇ ਸ਼ਾਇਰ ਦੇ ਸੰਘਰਸ਼ਮਈ ਜੀਵਨ ਬਾਰੇ ਗੱਲ ਕਰਦਿਆਂ ਦੱਸਿਆ ਕਿ ਉਨ੍ਹਾਂ ਜੀਵਨ 'ਚ ਅਨੇਕਾਂ ਤੰਗੀਆਂ ਤੁਰਸ਼ੀਆਂ ਝੱਲੀਆਂ ਪਰ ਸਮੇਂ ਨਾਲ ਸਮਝੌਤਾ ਨਾ ਕਰ ਕੇ ਕਦੇ ਉਪਰਲੀਆਂ ਸਫ਼ਾਂ 'ਚ ਜਾਣ ਦੀ ਇੱਛਾ ਨਹੀਂ ਰੱਖੀ। ਵਿਦਿਆਰਥਣ ਮਨਪ੍ਰੀਤ ਕੌਰ, ਪਰਮਜੀਤ ਕੌਰ, ਖੁਸ਼ਪਿੰਦਰ ਚੌਹਾਨ ਨੇ ਕਵਿਤਾਵਾਂ ਪੜ੍ਹੀਆਂ। ਮੰਚ ਸੰਚਾਲਨ ਕਰਦਿਆਂ ਡਾ. ਕੁਲਦੀਪ ਸਿੰਘ ਦੀਪ ਨੇ ਕਿਹਾ ਕਿ ਸਮਕਾਲੀ ਪ੍ਰਸਥਿਤੀਆਂ ਨੂੰ ਦੇਖਦੇ ਹੋਏ ਅਣਗੌਲੇ ਸ਼ਾਇਰਾਂ ਤੇ ਨਾਇਕਾਂ ਨੂੰ ਪਾਠਕਾਂ ਅੱਗੇ ਪੇਸ਼ ਕੀਤਾ ਜਾਣਾ ਸਮੇਂ ਦੀ ਲੋੜ ਹੈ। ਸੰਬੋਧਨ 'ਤੇ ਸ਼ਾਮਿਲ ਹੋਣ ਵਾਲਿਆਂ 'ਚ ਸਾਹਿਤਕ ਅਕਾਦਮੀ ਦੇ ਸਕੱਤਰ ਡਾ. ਗੁਰਇਕਬਾਲ ਸਿੰਘ, ਗੁਰਚਰਨ ਕੋਚਰ, ਕਹਾਣੀਕਾਰ ਜਸਬੀਰ ਢੰਡ, ਡਾ. ਗੁਰਮੇਲ ਕੌਰ ਜੋਸ਼ੀ, ਕਹਾਣੀਕਾਰ ਦਰਸ਼ਨ ਜੋਗਾ, ਅਮੋਲਕ ਸਿੰਘ ਡੇਲੂਆਣਾ, ਤੇਜਿੰਦਰ ਕੌਰ ਜ਼ਿਲ੍ਹਾ ਭਾਸ਼ਾ ਅਫ਼ਸਰ, ਖੋਜ ਅਫ਼ਸਰ ਗੁਰਪ੍ਰੀਤ ਸਿੰਘ, ਡਾ. ਸੁਪਨਦੀਪ ਕੌਰ, ਪ੍ਰੋ. ਅੰਬੇਸ਼ ਭਾਰਦਵਾਜ, ਡਾ. ਹਰਵਿੰਦਰ ਕੌਰ, ਡਾ. ਅਜਮੀਤ ਕੌਰ, ਡਾ. ਕੁਲਦੀਪ ਸਿੰਘ, ਪ੍ਰੋ. ਜੋਤੀ, ਪ੍ਰੋ. ਸੋਨਮ ਚਾਵਲਾ ਆਦਿ ਹਾਜ਼ਰ ਸਨ।



Scanned with CamScanner



ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ ਵਿਖੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਪ੍ਰੋ: ਨਮਨ ਬਾਂਸਲ। ਅਜੀਤ ਤਸਵੀਰ

# ਕੰਪਿਊਟਰ ਦਾ ਗਿਆਨ ਵਿਦਿਆਰਥੀਆਂ ਲਈ ਬੇਹੱਦ ਜ਼ਰੂਰੀ-ਪ੍ਰੋ: ਨਮਨ ਬਾਂਸਲ

ਮਾਨਸਾ, 15 ਸਤੰਬਰ (ਰਾਵਿੰਦਰ ਸਿੰਘ)-ਅਜੋਕੇ ਤੇਜ਼ ਤਰਾਰ ਜ਼ਮਾਨੇ 'ਚ ਸਮੇਂ ਦਾ ਹਾਣੀ ਬਣਨ ਲਈ ਵਿਦਿਆਰਥੀਆਂ ਲਈ ਕੰਪਿਊਟਰ ਦਾ ਗਿਆਨ ਬੇਹੱਦ ਜ਼ਰੂਰੀ ਹੈ। ਇਹ ਪ੍ਰਗਟਾਵਾ ਪ੍ਰੋ. ਨਮਨ ਬਾਂਸਲ ਦੇ ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਕੰਪਿਊਟਰ ਵਿਭਾਗ ਵੱਲੋਂ ਕਰਵਾਏ ਲੈਕਚਰ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਅੱਜ ਹਰ ਇਕ ਖੇਤਰ 'ਚ ਕੰਪਿਊਟਰ ਦੀ ਲੋੜ ਲਾਜ਼ਮੀ ਬਣ ਚੁੱਕੀ ਹੈ ਕਿਉਂਕਿ ਇਸ ਨਾਲ ਹਰ ਕੰਮ ਤੇਜ਼ੀ ਨਾਲ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਕੰਪਿਊਟਰ ਇੱਕ ਅਜਿਹਾ ਜਰੀਆ ਹੈ ਜਿਸ ਰਾਹੀਂ ਦੁਨੀਆ ਭਰ ਦਾ ਗਿਆਨ ਘਰ ਬੈਠੇ ਆਸਾਨੀ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਇੰਟਰਨੈੱਟ ਵਰਤੋਂ ਕਰਨ ਆਦਿ ਬਾਰੇ ਵੀ ਜਾਣਕਾਰੀ ਦਿੱਤੀ। ਸੰਬੋਧਨ 'ਚ ਸ਼ਾਮਲ ਹੋਣ ਵਾਲੇ ਪ੍ਰੋ: ਸੁਮਨੀਤ ਮੋਦਗਿਲ, ਪ੍ਰੋ: ਗਗਨਦੀਪ ਕੁਮਾਰ, ਪ੍ਰੋ: ਪ੍ਰੀਆ ਗੁਪਤਾ, ਪ੍ਰੋ: ਅਮਨਦੀਪ ਸਿੰਘ, ਪ੍ਰੋ: ਕੁਲਤਾਰ ਸਿੰਘ, ਪ੍ਰੋ: ਚਰਨਜੀਤ ਕੌਰ, ਪ੍ਰੋ: ਪੁਨੀਤ ਕੌਰ ਆਦਿ ਸਨ।

ਮਾਨਸਾ **-A
CMYK
Scanned with CamScanner

11, 12-13 ਅਕਤੂਬਰ 2017

ਬੁਢਲਾਡਾ, 12 ਅਕਤੂਬਰ (ਸਵਰਨ ਸਿੰਘ ਰਾਹੀ)- ਦਿ ਰੌਇਲ ਗਰੁੱਪ ਆਫ਼ ਕਾਲਜਿਜ਼ ਬੋੜਾਵਾਲ ਵਿਖੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਮਾਨਸਾ ਜ਼ੋਨ ਦੇ ਤਿੰਨ ਦਿਨਾ ਖੇਤਰੀ ਯੁਵਕ ਮੇਲੇ ਦੇ ਦੂਜੇ ਦਿਨ ਨਾਟਕ ਤੇ ਮਮਿਕਰੀ ਦੀ ਪੇਸ਼ਕਾਰੀ ਦਾ ਦਰਸ਼ਕਾਂ ਨੇ ਖੂਬ ਆਨੰਦ ਮਾਣਿਆ। ਨਾਟਕਾਂ ਦੀਆਂ ਜ਼ਿਆਦਾਤਰ ਪੇਸ਼ਕਾਰੀਆਂ ਰਾਹੀ ਵਿਦਿਆਰਥੀ ਕਲਾਕਾਰਾਂ ਨੇ ਸੁਨੇਹਾ ਦਿੱਤਾ ਕਿ ਕਿਸ ਤਰ੍ਹਾਂ ਦੇਸ਼ ਆਜ਼ਾਦ ਕਰਾਉਣ ਵਾਲੇ ਸੂਰਬੀਰਾਂ ਦੇ ਸੁਪਨੇ ਮਧੋਲ ਕੇ ਗੰਧਲੇ ਰਾਜਨੀਤਿਕ ਵਰਤਾਰੇ ਰਾਹੀ ਅੱਜ ਵੀ ਜਨਤਾ ਦੀ ਲੁੱਟ ਜਾਰੀ ਹੈ। ਅੱਜ ਉਦਘਾਟਨ ਜ਼ਿਲ੍ਹਾ ਪੁਲਿਸ ਮੁਖੀ ਮਾਨਸਾ ਪਰਮਵੀਰ ਸਿੰਘ ਪਰਮਾਰ ਨੇ ਕੀਤਾ ਜਦਕਿ ਪ੍ਰਧਾਨਗੀ ਗੁਰਵਿੰਦਰ ਸਿੰਘ ਸਰਾਓ ਨੇ ਕੀਤੀ। ਉਕਤ ਮਹਿਮਾਨਾਂ ਨੇ ਪੰਜਾਬੀ ਸਭਿਆਚਾਰ ਨੂੰ ਪ੍ਰਫੁਲਿਤ ਕਰਨ ਲਈ ਪੰਜਾਬੀ ਯੂਨੀਵਰਸਿਟੀ ਅਤੇ ਰੌਇਲ ਕਾਲਜ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਕਾਲਜ ਪ੍ਰਬੰਧਕ ਕਮੇਟੀ ਦੇ ਡਾਇਰੈਕਟਰ ਡਾ: ਸਰਬਜੀਤ ਕੌਰ ਸੋਹਲ ਨੇ ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਲਾਸੀਕਲ ਡਾਂਸ 'ਚੋਂ ਗੁਰੂ ਨਾਨਕ ਕਾਲਜ ਨੇ ਪਹਿਲਾ ਤੇ ਐੱਲ. ਬੀ. ਐੱਸ. ਮਹਿਲਾ ਕਾਲਜ ਬਰਨਾਲਾ ਨੇ ਦੂਜਾ, ਕਾਵਿ ਉਚਾਰਨ ਮੁਕਾਬਲਿਆਂ 'ਚ ਗੁਰੂ ਗੋਬਿੰਦ ਸਿੰਘ ਕਾਲਜ ਸੰਘੇੜਾ ਪਹਿਲੇ, ਐਜੂਕੇਸ਼ਨ ਕਾਲਜ ਦਲੇਲਵਾਲਾ ਦੂਜੇ, ਸਰਕਾਰੀ ਨਹਿਰੂ ਮੈਮੋਰੀਅਲ ਕਾਲਜ ਮਾਨਸਾ ਤੀਜੇ ਅਤੇ ਰੌਇਲ ਕਾਲਜ ਬੋੜਾਵਾਲ ਤੇ ਗੁਰੂ ਨਾਨਕ ਕਾਲਜ ਬੁਢਲਾਡਾ ਚੌਥੇ ਸਥਾਨ 'ਤੇ ਰਹੇ। ਲੋਕ ਗੀਤ 'ਚ ਐੱਸ.ਡੀ. ਕਾਲਜ ਬਰਨਾਲਾ ਨੇ ਪਹਿਲਾ, ਪੰਜਾਬੀ ਯੂਨੀਵਰਸਿਟੀ ਟੀ. ਪੀ. ਡੀ. ਮਾਲਵਾ ਕਾਲਜ ਰਾਮਪੁਰਾ ਫੂਲ ਨੇ ਦੂਜਾ ਤੇ ਗੁਰੂ ਨਾਨਕ ਕਾਲਜ ਬੁਢਲਾਡਾ ਨੇ ਤੀਜਾ ਸਥਾਨ ਹਾਸਿਲ ਕੀਤਾ। ਲੋਕ ਸਾਜ਼ਾਂ 'ਤੇ ਆਧਾਰਿਤ ਆਰਕੈਸਟਰਾ ਵਿਚੋਂ ਗੁਰੂ ਨਾਨਕ ਕਾਲਜ ਬੁਢਲਾਡਾ, ਐੱਸ. ਡੀ. ਕਾਲਜ ਬਰਨਾਲਾ ਤੇ ਪੰਜਾਬੀ ਯੂਨੀਵਰਸਿਟੀ ਟੀ. ਪੀ. ਡੀ. ਮਾਲਵਾ ਕਾਲਜ ਰਾਮਪੁਰਾ ਫੂਲ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਿਲ ਕੀਤਾ। ਪੱਛਮੀ ਸੋਲੋ ਗਾਇਨ 'ਚੋਂ ਐੱਸ. ਡੀ. ਐਜੂਕੇਸ਼ਨ ਕਾਲਜ ਬਰਨਾਲਾ ਪਹਿਲਾ, ਐੱਸ. ਡੀ. ਕਾਲਜ ਬਰਨਾਲਾ ਨੇ ਦੂਜਾ, ਗੁਰੂ ਨਾਨਕ ਕਾਲਜ ਬੁਢਲਾਡਾ ਨੇ ਤੀਜਾ, ਪੰਜਾਬੀ ਯੂਨੀਵਰਸਿਟੀ ਟੀ. ਪੀ. ਡੀ. ਮਾਲਵਾ ਕਾਲਜ ਰਾਮਪੁਰਾ ਫੂਲ ਨੇ ਚੌਥਾ ਸਥਾਨ ਹਾਸਿਲ ਕੀਤਾ। ਪੱਛਮੀ ਸੋਲੋ ਇੰਸਟਰੂਮੈਂਟ 'ਚ ਐੱਸ. ਡੀ. ਕਾਲਜ ਬਰਨਾਲਾ, ਗੁਰੂ ਨਾਨਕ ਕਾਲਜ, ਪੰਜਾਬੀ ਯੂਨੀਵਰਸਿਟੀ ਟੀ.ਪੀ.ਡੀ. ਮਾਲਵਾ ਕਾਲਜ ਰਾਮਪੁਰਾ ਫੂਲ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਿਲ ਕੀਤਾ। ਕਲਾਸੀਕਲ ਇੰਸਟਰੂਮੈਂਟ (ਨਾਨ ਪ੍ਰਕਸ਼ਨ) ਵਿਚੋਂ ਗੁਰੂ ਨਾਨਕ ਕਾਲਜ ਨੇ ਪਹਿਲਾ ਸਥਾਨ। ਕਲਾਸੀਕਲ ਇੰਸਟਰੂਮੈਂਟ (ਪ੍ਰਕਸ਼ਨ) 'ਚ ਗੁਰੂ ਨਾਨਕ ਕਾਲਜ ਬੁਢਲਾਡਾ ਪਹਿਲਾ, ਐੱਸ. ਡੀ. ਕਾਲਜ ਬਰਨਾਲਾ ਨੇ ਦੂਜਾ ਤੇ ਪੰਜਾਬੀ ਯੂਨੀਵਰਸਿਟੀ ਟੀ.ਪੀ.ਡੀ. ਮਾਲਵਾ ਕਾਲਜ ਰਾਮਪੁਰਾ ਫੂਲ ਨੇ ਤੀਜਾ ਸਥਾਨ ਹਾਸਿਲ ਕੀਤਾ। ਪੱਛਮੀ ਸਮੂਹ ਗਾਇਨ 'ਚੋਂ ਐੱਸ. ਡੀ. ਕਾਲਜ ਬਰਨਾਲਾ, ਗੁਰੂ ਨਾਨਕ ਕਾਲਜ ਬੁਢਲਾਡਾ, ਐੱਸ. ਡੀ. ਐਜੂਕੇਸ਼ਨ ਕਾਲਜ ਬਰਨਾਲਾ ਤੇ ਪੰਜਾਬੀ ਯੂਨੀਵਰਸਿਟੀ ਟੀ.ਪੀ.ਡੀ. ਮਾਲਵਾ ਕਾਲਜ ਰਾਮਪੁਰਾ ਫੂਲ ਨੇ ਕ੍ਰਮਵਾਰ ਪਹਿਲਾ, ਦੂਜਾ, ਤੀਜਾ ਤੇ ਚੌਥਾ ਸਥਾਨ ਹਾਸਿਲ ਕੀਤਾ। ਸਮਾਗਮ ਦੌਰਾਨ ਰਾਜਿੰਦਰ ਸਿੰਘ ਸੋਹਲ ਐੱਸ. ਪੀ. ਮੋਹਾਲੀ, ਡਾਇਰੈਕਟਰ ਮੈਨੇਜਮੈਂਟ ਦੇ ਚੇਅਰਮੈਨ ਰੋਸ਼ਨਜੀਤ ਸਿੰਘ ਸੋਹਲ, ਆਤਮਜੀਤ ਸਿੰਘ, ਉੱਘੇ ਸਾਹਿਤਕਾਰ ਸੁਰਿੰਦਰ ਸਿੰਘ, ਪ੍ਰਿੰਸੀਪਲ ਡਾ. ਕੁਲਦੀਪ ਸਿੰਘ ਬੱਲ, ਐਡਵੋਕੇਟ ਤਜਿੰਦਰ ਸਿੰਘ ਭਾਟੀਆ, ਕੁਲਦੀਪ ਸਿੰਘ ਨਾਭਾ, ਸਰਪੰਚ ਬੋੜਾਵਾਲ, ਸਰਪੰਚ ਸੁਰਤਾ ਸਿੰਘ ਬੋੜਾਵਾਲ ਤੋਂ ਇਲਾਵਾ ਵੱਖ-ਵੱਖ ਕਾਲਜਾਂ ਦੇ ਪ੍ਰਿੰਸੀਪਲ ਤੇ ਯੁਵਾ ਪ੍ਰੋਗਰਾਮ ਕੋਆਰਡੀਨੇਟਰ ਮੌਜੂਦ ਸਨ। ਕਾਲਜ ਪ੍ਰਿੰਸੀਪਲ ਐੱਮ.ਆਰ. ਮਿੱਤਲ ਨੇ ਸਭਨਾਂ ਦਾ ਧੰਨਵਾਦ ਕੀਤਾ।






ਰੌਇਲ ਕਾਲਜ ਬੋੜਾਵਾਲ ਵਿਖੇ ਖੇਤਰੀ ਯੁਵਕ ਮੇਲੇ ਦੇ ਦੂਜੇ ਦਿਨ ਦੇ ਪ੍ਰੋਗਰਾਮਾਂ ਖੇਡੇ ਗਏ ਨਾਟਕ ਦੀ ਇਕ ਝਲਕ ।(ਸੱਜੇ) ਮਾਨਸਾ ਰੌਇਲ ਕਾਲਜ ਬੋੜਾਵਾਲ ਵਿਖੇ ਖੇਤਰੀ ਯੁਵਕ ਮੇਲੇ ਦੇ ਦੂਜੇ ਦਿਨ ਦੇ ਪ੍ਰੋਗਰਾਮਾਂ ਦਾ ਰਸਮੀ ਉਦਘਾਟਨ ਕਰਦੇ ਹੋਏ ਜ਼ਿਲ੍ਹਾ ਪੁਲਿਸ ਮੁਖੀ ਮਾਨਸਾ ਪਰਮਵੀਰ ਸਿੰਘ ਪਰਮਾਰ ।

ਤਸਵੀਰਾਂ : ਟੋਨੀ ਬੁਢਲਾਡਾ

# ਰੁਜ਼ਗਾਰ ਮੇਲੇ ਦੌਰਾਨ ਚੁਣੇ 240 ਨੌਜਵਾਨਾਂ ਨੂੰ ਡਿਪਟੀ ਕਮਿਸ਼ਨਰ ਨੇ ਸੌਂਪੇ ਨਿਯੁਕਤੀ ਪੱਤਰ

13 ਅਕਤੂਬਰ

## 3 ਮਹੀਨੇ ਦੀ ਸਿਖਲਾਈ ਉਪਰੰਤ ਕੀਤੀ ਜਾਵੇਗੀ ਪਲੇਸਮੈਂਟ

ਮਾਨਸਾ, 12 ਅਕਤੂਬਰ (ਗੁਰਚੇਤ ਸਿੰਘ ਫੱਤੇਵਾਲੀਆ)- ਪਿਛਲੇ ਦਿਨੀਂ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ ਵਿਖੇ ਲਗਾਏ ਰੁਜ਼ਗਾਰ ਮੇਲੇ ਦੌਰਾਨ ਚੁਣੇ 240 ਬੇਰੁਜ਼ਗਾਰ ਨੌਜਵਾਨਾਂ ਨੂੰ ਡਿਪਟੀ ਕਮਿਸ਼ਨਰ ਮਾਨਸਾ ਧਰਮਪਾਲ ਗੁਪਤਾ ਵੱਲੋਂ ਨਿਯੁਕਤੀ ਪੱਤਰਾਂ ਦੀ ਵੰਡ ਕੀਤੀ ਗਈ। ਐੱਲ.ਐਂਡ ਟੀ. ਕੰਪਨੀ ਵੱਲੋਂ ਨੌਜਵਾਨਾਂ ਦੀ ਚੋਣ ਕੀਤੀ ਗਈ ਹੈ। ਬੱਚਤ ਭਵਨ ਮਾਨਸਾ ਵਿਖੇ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸੰਘਰਸ਼ ਅਤੇ ਸਖ਼ਤ ਮਿਹਨਤ ਨਾਲ ਕਾਮਯਾਬੀ ਹਾਸਲ ਕੀਤੀ ਜਾ ਸਕਦੀ ਹੈ। ਮਿਹਨਤੀ ਵਿਅਕਤੀ ਕਦੇ ਵੀ ਜ਼ਿੰਦਗੀ ਵਿੱਚ ਹਾਰ ਨਹੀਂ ਮੰਨਦਾ ਅਤੇ ਹਮੇਸ਼ਾ ਆਪਣੀ ਮੰਜ਼ਿਲ ਨੂੰ ਹਾਸਲ ਕਰਦਾ ਹੈ। ਡਿਪਟੀ ਕਮਿਸ਼ਨਰ ਗੁਪਤਾ ਨੇ ਕਿਹਾ ਕਿ ਐਲ.ਐਂਡ ਟੀ. ਇੱਕ ਮਲਟੀਨੈਸ਼ਨਲ ਕੰਪਨੀ ਹੈ, ਜਿਸ ਦਾ ਅੰਤਰ ਰਾਸ਼ਟਰੀ ਪੱਧਰ 'ਤੇ ਵਪਾਰ ਹੈ। ਉਨ੍ਹਾਂ ਕਿਹਾ ਕਿ ਨਿਯੁਕਤ ਵਿਅਕਤੀਆਂ ਨੂੰ ਜ਼ਰੂਰ ਕੰਪਨੀ ਜੁਆਇਨ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਇਹ ਮੌਕਾ ਗਵਾਉਣਾ ਨਹੀਂ ਚਾਹੀਦਾ। ਉਨ੍ਹਾਂ ਕਿਹਾ ਕਿ ਕੰਪਨੀ ਆਪਣੇ ਮੁਲਾਜ਼ਮਾਂ ਦੇ ਕੰਮ ਅਤੇ ਮਿਹਨਤ ਦੀ ਕਦਰ ਕਰਦੀ ਹੈ, ਜਿਸ ਨਾਲ ਉਨ੍ਹਾਂ ਨੂੰ ਆਪਣੇ ਦੇਸ਼ ਤੋਂ ਇਲਾਵਾ ਦੂਜੇ ਦੇਸ਼ਾਂ ਵਿੱਚ ਵੀ ਚੰਗੀ ਤਨਖ਼ਾਹ 'ਤੇ ਕੰਮ ਕਰਨ ਦਾ ਮੌਕਾ ਦਿੰਦੀ ਹੈ। ਇਸ ਮੌਕੇ ਜ਼ਿਲ੍ਹਾ ਰੁਜ਼ਗਾਰ ਅਫ਼ਸਰ ਮੇਜਰ ਹਰਪ੍ਰੀਤ ਸਿੰਘ ਮਾਨਸ਼ਾਹੀਆ ਨੇ ਦੱਸਿਆ ਕਿ ਰੁਜ਼ਗਾਰ ਮੇਲੇ ਦੌਰਾਨ ਐੱਲ. ਐਂਡ ਟੀ. ਕੰਪਨੀ ਵੱਲੋਂ ਚੁਣੇ ਨੌਜਵਾਨਾਂ ਨੂੰ 3 ਮਹੀਨੇ ਦੀ ਸਿਖਲਾਈ ਦੇਣ ਉਪਰੰਤ ਯੋਗਤਾ ਅਨੁਸਾਰ ਵੱਖ-ਵੱਖ ਕਿੱਤਿਆਂ ਵਿੱਚ ਪਲੇਸਮੈਂਟ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿਚੋਂ 80 ਨੌਜਵਾਨਾਂ ਨੂੰ ਰਾਏਗੜ੍ਹ ਮਹਾਰਾਸ਼ਟਰ ਅਤੇ ਬਾਕੀਆਂ ਨੂੰ ਕਾਂਚੀਪੁਰਮ ਤਾਮਿਲਨਾਡੂ ਵਿਖੇ ਸਿਖਲਾਈ ਦਿੱਤੀ ਜਾਵੇਗੀ। ਇਸ ਦੌਰਾਨ ਉਨ੍ਹਾਂ ਨੂੰ ਖਾਣਾ-ਪੀਣਾ, ਰਹਿਣਾ ਮੁਫ਼ਤ ਵਿੱਚ ਦਿੱਤਾ ਜਾਵੇਗਾ ਅਤੇ 3 ਮਹੀਨੇ ਤੱਕ 500 ਰੁਪਏ ਮਹੀਨਾ ਭੱਤਾ ਵੀ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ 4 ਸਾਲ ਬਾਅਦ ਜੇਕਰ ਕਰਮਚਾਰੀ ਦਾ ਕੰਮ ਤਸੱਲੀ ਬਖ਼ਸ਼ ਪਾਇਆ ਜਾਂਦਾ ਹੈ ਤਾਂ ਬਾਅਦ ਵਿੱਚ ਉਨ੍ਹਾਂ ਨੂੰ ਸੁਪਰਵਾਈਜ਼ਰ ਦੀ ਅਸਾਮੀ ਲਈ ਤਰੱਕੀ ਵੀ ਦਿੱਤੀ ਜਾ ਸਕਦੀ ਹੈ। ਕੰਪਨੀ ਵੱਲੋਂ ਕਰਮਚਾਰੀ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਦਾ ਬੀਮਾ ਮੁਫ਼ਤ ਕੀਤਾ ਜਾਵੇਗਾ ਅਤੇ ਬਿਮਾਰ ਹੋਣ ਦੀ ਸੂਰਤ ਵਿਚ ਸਾਰਾ ਇਲਾਜ ਦਾ ਖ਼ਰਚਾ ਕੰਪਨੀ ਦੇਵੇਗੀ। ਇਸ ਮੌਕੇ ਉਨ੍ਹਾਂ ਨਾਲ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗੁਰਿੰਦਰ ਪਾਲ ਸਿੰਘ ਸਹੋਤਾ ਵੀ ਮੌਜੂਦ ਸਨ।



ਬੱਚਤ ਭਵਨ ਮਾਨਸਾ ਵਿਖੇ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਦਿੰਦੇ ਹੋਏ ਧਰਮਪਾਲ ਗੁਪਤਾ ਡਿਪਟੀ ਕਮਿਸ਼ਨਰ ਮਾਨਸਾ। ਅਜੀਤ ਤਸਵੀਰ

Scanned with CamScanner



ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਡਿਜੀਟਲ ਟਰਾਂਜੈਕਸ਼ਨ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੰਦੇ ਹੋਏ ਮੈਡਮ ਨੇਹਾ।

ਅਜੀਤ ਤਸਵੀਰ

# ਡਿਜੀਟਲ ਲੈਣ ਦੇਣ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ

ਮਾਨਸਾ, 27 ਸਤੰਬਰ (ਵਿ. ਪ੍ਰਤੀ.)- ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਕਾਮਰਸ ਵਿਭਾਗ ਵੱਲੋਂ ਦਾ ਪ੍ਰਮੋਸ਼ਨ ਆਫ਼ ਡਿਜੀਟਲ ਟਰਾਂਜੈਕਸ਼ਨ ਵਿਸ਼ੇ 'ਤੇ ਜਾਗਰੂਕਤਾ ਕੈਂਪ ਲਗਾਇਆ ਗਿਆ। ਸਿੰਡੀਕੇਟ ਬੈਂਕ ਦੇ ਮੈਨੇਜਰ ਅਮਿਤ ਸ਼ਰਮਾ ਅਤੇ ਮੈਡਮ ਨੇਹਾ ਨੇ ਡਿਜੀਟਲ ਮੋਡ ਜਿਵੇਂ ਕਿ ਏ.ਟੀ.ਐਮ., ਇੰਟਰਨੈੱਟ ਬੈਂਕਿੰਗ, ਮੋਬਾਈਲ ਬੈਂਕਿੰਗ, ਕਰੈਡਿਟ ਕਾਰਡ, ਇਲੈਕਟ੍ਰੋਨਿਕ ਟਰਾਂਸਫ਼ਰ ਫ਼ੰਡ ਦੇ ਰਾਹੀਂ ਕਰਨ ਲਈ ਸਟਾਫ਼ ਅਤੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਸੀ.ਏ ਚੰਨਾ ਕੁਮਾਰ ਮਿੱਤਲ ਟੈਕਸੇਸ਼ਨ ਸਿਸਟਮ ਵਿੱਚ ਅਹਿਮੀਅਤ ਬਾਰੇ ਜਾਣਕਾਰੀ ਦਿੱਤੀ। ਸੰਚਾਲਨ ਕਾਲਜ ਕਾਮਰਸ ਵਿਭਾਗ ਦੇ ਪ੍ਰੋ. ਰਜਨੀ ਬਾਲਾ ਨੇ ਕੀਤਾ। ਕਾਮਰਸ ਵਿਭਾਗ ਦੇ ਮੁਖੀ ਪ੍ਰੋ. ਚਰਨਜੀਤ ਸਿੰਘ ਸਿੱਧੂ, ਡਾ.ਜਗਤਾਰ ਸਿੰਘ,ਪ੍ਰੋ. ਸੁਪਨਦੀਪ ਕੌਰ, ਪ੍ਰੋ. ਸੀਮਾ ਜਿੰਦਲ, ਡਾ. ਅਵਿਨਾਸ਼ ਕੁਮਾਰ, ਪ੍ਰੋ. ਜੋਤੀ ਆਦਿ ਹਾਜ਼ਰ ਸਨ।

27 ਸਤੰਬਰ 2017

# ਦ੍ਰਿੜ੍ਹ ਇੱਛਾ ਸ਼ਕਤੀ ਤੇ ਜਾਗਰੂਕਤਾ ਨਾਲ ਕੈਂਸਰ ਤੋਂ ਪਾਈ ਜਾ ਸਕਦੀ ਹੈ ਮੁਕਤੀ-ਡਿਪਟੀ ਕਮਿਸ਼ਨਰ

## ਲੋਕਾਂ ਨੂੰ ਕੈਂਸਰ ਦੀ ਬਿਮਾਰੀ ਤੋਂ ਬਚਾਅ ਲਈ ਜਾਗਰੂਕ ਕਰਨਾ ਜ਼ਰੂਰੀ- ਪੂਨਮ ਬਗਈ

ਮਾਨਸਾ, 26 ਸਤੰਬਰ (ਬਲਵਿੰਦਰ ਸਿੰਘ ਧਾਲੀਵਾਲ)-ਕੈਂਸਰ ਭਾਵੇਂ ਨਾਮੁਰਾਦ ਬਿਮਾਰੀ ਹੈ ਪਰ ਜਾਗਰੂਕਤਾ ਫੈਲਾਅ ਕੇ ਇਸ ਬਿਮਾਰੀ ਤੋਂ ਸਹਿਜ ਨਾਲ ਨਿਜਾਤ ਮਿਲ ਸਕਦੀ ਹੈ। ਸਮਾਜ ਸੇਵੀ ਸੰਸਥਾਵਾਂ ਨੂੰ ਸਰਕਾਰਾਂ ਦਾ ਸਹਿਯੋਗ ਦੇ ਕੇ ਇਸ ਬਿਮਾਰੀ ਪ੍ਰਤੀ ਸਾਂਝੇ ਯਤਨ ਜੁਟਾਉਣ ਦੀ ਲੋੜ ਹੈ। ਇਹ ਪ੍ਰਗਟਾਵਾ ਧਰਮਪਾਲ ਗੁਪਤਾ ਡਿਪਟੀ ਕਮਿਸ਼ਨਰ ਮਾਨਸਾ ਨੇ ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਨੈਸ਼ਨਲ ਸੁਸਾਇਟੀ ਫਾਰ ਚਾਈਲਡਹੁੱਡ ਕੈਂਸਰ (ਕੈਨ ਕਿਡਜ਼) ਸੰਸਥਾ ਦਿੱਲੀ ਵੱਲੋਂ ਬੱਚਿਆਂ ਦੇ ਕੈਂਸਰ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਸਬੰਧੀ ਕੱਢੀ ਕਾਰ ਰੈਲੀ ਦੇ ਕਾਲਜ ਵਿਚ ਦੇਰ ਸ਼ਾਮ ਪਹੁੰਚਣ 'ਤੇ ਕਰਵਾਏ ਸਮਾਗਮ ਦੌਰਾਨ ਕੀਤਾ। ਉਨ੍ਹਾਂ ਸੰਸਥਾ ਵੱਲੋਂ ਕੀਤੇ ਇਸ ਉੱਦਮ ਦੀ ਸ਼ਲਾਘਾ ਕਰਦਿਆਂ ਪੰਜਾਬ ਅੰਦਰ ਕੈਂਸਰ ਦੀ ਬਿਮਾਰੀ ਦੇ ਖ਼ਾਤਮੇ ਲਈ ਪੰਜਾਬੀਆਂ ਨੂੰ ਲੋਕ ਲਹਿਰ ਬਣਾਉਣ ਦਾ ਸੱਦਾ ਦਿੱਤਾ। ਸੰਸਥਾ ਦੀ ਸੰਸਥਾਪਕ ਪੂਨਮ ਬਗਈ ਨੇ ਕਿਹਾ ਕਿ ਇਸ ਸੁਸਾਇਟੀ ਦਾ ਮਕਸਦ ਕੈਂਸਰ ਤੋਂ ਪੀੜਤ ਬੱਚਿਆਂ ਦੇ ਇਲਾਜ ਲਈ ਉਨ੍ਹਾਂ ਦਾ ਸਹੀ ਮਾਰਗ ਦਰਸ਼ਨ ਕਰਨਾ ਹੈ। ਉਨ੍ਹਾਂ ਕਿਹਾ ਕਿ ਸਾਡੀ ਫਾਊਂਡੇਸ਼ਨ ਵੱਲੋਂ ਸਟੇਟ ਟੂ ਸਟੇਟ ਜਾਗਰੂਕਤਾ ਫੈਲਾਈ ਜਾ ਰਹੀ ਹੈ, ਜਿਸ ਤਹਿਤ ਅੱਜ ਇਹ ਕਾਰ ਰੈਲੀ ਮਾਨਸਾ ਵਿੱਚ ਆਈ ਹੈ। ਉਨ੍ਹਾਂ ਦੱਸਿਆ ਕਿ ਸੰਸਥਾ ਵੱਲੋਂ 0 ਤੋਂ 19 ਸਾਲ ਤੱਕ ਦੇ ਬੱਚਿਆਂ ਨੂੰ ਮੈਡੀਕਲ, ਵਿੱਦਿਅਕ, ਰਹਿਣ, ਖਾਣ-ਪੀਣ ਆਦਿ ਦੀ ਸਹੂਲਤ ਦਿੱਤੀ ਜਾਂਦੀ ਹੈ। ਸਿਵਲ ਸਰਜਨ ਮਾਨਸਾ ਡਾ. ਸੁਨੀਲ ਪਾਠਕ ਨੇ ਦੱਸਿਆ ਕਿ ਕੈਂਸਰ ਦੀ ਬਿਮਾਰੀ ਬਹੁਤ ਹੀ ਭਿਆਨਕ ਬਿਮਾਰੀ ਹੈ ਪਰ ਸਮਾਂ ਰਹਿੰਦਿਆਂ ਅਤੇ ਦ੍ਰਿੜ੍ਹ ਨਿਸ਼ਚਾ ਕਰ ਕੇ ਇਸ ਬਿਮਾਰੀ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਪ੍ਰੋਗਰਾਮ ਦੇ ਕੋਆਰਡੀਨੇਟਰ ਪ੍ਰੋ: ਰਾਵਿੰਦਰ ਸਿੰਘ ਨੇ ਕਿਹਾ ਕਿ ਮਾਲਵਾ ਪੱਟੀ 'ਚ ਅੰਧਾਧੁੰਦ ਕੀਟਨਾਸ਼ਕਾਂ ਦੀ ਵਰਤੋਂ ਨਾਲ ਪਾਣੀ ਅਤੇ ਫ਼ਸਲਾਂ ਵਿਚ ਰਸਾਇਣ ਦੇ ਮਿਲਣ ਨਾਲ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਵਧ ਰਹੀ ਹੈ। ਇਸ ਮੌਕੇ ਕੈਂਸਰ ਤੋਂ ਮੁਕਤ ਹੋਏ ਬੱਚਿਆਂ ਵੱਲੋਂ ਨੁੱਕੜ ਨਾਟਕ ਵੀ ਖੇਡਿਆ ਗਿਆ। ਕੈਂਸਰ ਦੀ ਰੋਕਥਾਮ ਲਈ ਪੋਸਟਰ ਮੇਕਿੰਗ ਅਤੇ ਸਲੋਗਨ ਲਿਖਣ ਦੇ ਮੁਕਾਬਲਿਆਂ 'ਚ ਕ੍ਰਮਵਾਰ ਸਤਨਾਮ ਸਿੰਘ, ਗਗਨਪ੍ਰੀਤ ਕੌਰ, ਕਸ਼ਮੀਰ ਸਿੰਘ ਅਤੇ ਜਗਸੀਰ ਸਿੰਘ, ਜਸਪ੍ਰੀਤ ਕੌਰ, ਰਾਜਵਿੰਦਰ ਕੌਰ ਅਤੇ ਜਗਤਾਰ ਸਿੰਘ ਤੇ ਸੰਦੀਪ ਸਿੰਘ ਨੇ ਪਹਿਲਾਂ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਐਸ.ਡੀ.ਐਮ. ਮਾਨਸਾ ਲਤੀਫ਼ ਅਹਿਮਦ, ਕੋ-ਫਾਊਂਡਰ ਕੈਨ ਕਿਡਜ਼ ਸੋਨਲ ਸ਼ਰਮਾ, ਪ੍ਰਿੰਸੀਪਲ ਸੁਪਨਦੀਪ ਕੌਰ, ਡਾ. ਜਗਤਾਰ ਸਿੰਘ ਜੋਗਾ, [illegible] ਸੀਮਾ ਜਿੰਦਲ, ਪ੍ਰੋ: ਅੰਬੇਸ਼ ਭਾਰਦਵਾਜ, ਪ੍ਰੋ: ਕੁਲਦੀਪ ਢਿੱਲੋਂ, ਪ੍ਰੋ: ਅਜਮੀਤ ਕੌਰ, ਪ੍ਰੋ: ਕੁਲਦੀਪ ਚੌਹਾਨ, ਪ੍ਰੋ: ਤਨਵੀਰ, ਪ੍ਰੋ: ਹਰਵਿੰਦਰ ਕੌਰ ਆਦਿ ਹਾਜ਼ਰ ਸਨ।



ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਕੈਂਸਰ ਰੋਗ ਤੋਂ ਮੁਕਤ ਹੋਏ ਬੱਚੇ ਡਿਪਟੀ ਕਮਿਸ਼ਨਰ ਤੇ ਕਾਲਜ ਅਧਿਆਪਕਾਂ ਤੇ ਸੰਸਥਾ ਦੇ ਨੁਮਾਇੰਦਿਆਂ ਨਾਲ। ਅਜੀਤ ਤਸਵੀਰ

Scanned with CamScanner

22 ਸਤੰਬਰ



ਮਾਨਸਾ ਵਿਖੇ ਲਗਾਏ ਗਏ ਮੈਗਾ ਰੁਜ਼ਗਾਰ ਮੇਲੇ 'ਚ ਪਲੇਸਮੈਂਟ 'ਚ ਸ਼ਾਮਿਲ ਲੜਕੀਆਂ ਨਾਲ ਗੱਲਬਾਤ ਕਰਦੇ ਹੋਏ ਧਰਮਪਾਲ ਗੁਪਤਾ ਡਿਪਟੀ ਕਮਿਸ਼ਨਰ ਮਾਨਸਾ। ਤਸਵੀਰ : ਸੇਮੀ ਮਾਨਸਾ

# ਮਾਨਸਾ ਵਿਖੇ ਰੁਜ਼ਗਾਰ ਮੇਲੇ ਦੌਰਾਨ 575 ਨੌਜਵਾਨਾਂ ਦੀ ਪਲੇਸਮੈਂਟ ਲਈ ਚੋਣ

ਮਾਨਸਾ, 21 ਸਤੰਬਰ (ਬਲਵਿੰਦਰ ਸਿੰਘ ਧਾਲੀਵਾਲ)-ਰਾਜ ਸਰਕਾਰ ਵੱਲੋਂ 'ਘਰ-ਘਰ ਨੌਕਰੀ' ਪ੍ਰੋਗਰਾਮ ਤਹਿਤ ਸਥਾਨਕ ਨਹਿਰੂ ਮੈਮੋਰੀਅਲ ਕਾਲਜ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਜ਼ਿਲ੍ਹਾ ਰੋਜ਼ਗਾਰ ਐਂਡ ਟਰੇਨਿੰਗ ਵਿਭਾਗ ਵੱਲੋਂ ਮੈਗਾ ਰੋਜ਼ਗਾਰ ਮੇਲਾ ਲਗਾਇਆ ਗਿਆ। ਇਸ ਮੌਕੇ ਸ਼ਿਵਾ ਪ੍ਰੋਟੀਨ ਪ੍ਰੋਡਕਟ, ਲਾਰਸਨ ਐਂਡ ਟੂਬਰੋ, ਟਰਾਈਡੈਂਟ ਗਰੁੱਪ, ਗੁਰੂ ਨਾਨਕ ਇੰਡਸਟਰੀਜ਼ ਕਾਰਪੋਰੇਸ਼ਨ, ਰੂਪ ਐਗਰੀਕਲਚਰ ਇੰਡਸਟਰੀ, ਸਟੈਂਡਰਡ ਕਾਰਪੋਰੇਸ਼ਨ ਇੰਡੀਆ ਲਿਮਟਿਡ, ਬੁਢਲਾਡਾ ਇੰਜੀਨੀਅਰ ਵਰਕਸ, ਮੋਹਨ ਇੰਡਸਟਰੀਜ਼ ਬੁਢਲਾਡਾ ਆਦਿ 8 ਕੰਪਨੀਆਂ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ। ਮੇਲੇ ਦੌਰਾਨ 575 ਨੌਜਵਾਨ ਲੜਕੇ ਅਤੇ ਲੜਕੀਆਂ ਦੀ ਪਲੇਸਮੈਂਟ ਲਈ ਚੋਣ ਕੀਤੀ ਗਈ। ਉਦਘਾਟਨ ਕਰਨ ਉਪਰੰਤ ਧਰਮਪਾਲ ਗੁਪਤਾ ਡਿਪਟੀ ਕਮਿਸ਼ਨਰ ਮਾਨਸਾ ਨੇ ਦੱਸਿਆ ਕਿ ਟਰਾਈਡੈਂਟ ਅਤੇ ਐੱਲ. ਐਂਡ ਟੀ. ਅਤੇ ਸਟੈਂਡਰਡ ਕਾਰਪੋਰੇਸ਼ਨ ਵੱਡੀਆਂ ਕੰਪਨੀਆਂ ਵੱਲੋਂ 522 ਨੌਜਵਾਨਾਂ ਦੀ ਚੋਣ ਕੀਤੀ ਗਈ ਹੈ। ਜ਼ਿਕਰਯੋਗ ਗੱਲ ਇਹ ਹੈ ਕਿ ਟਰਾਈਡੈਂਟ ਗਰੁੱਪ ਵੱਲੋਂ ਖ਼ੁਦਕੁਸ਼ੀ

## ਖ਼ੁਦਕੁਸ਼ੀ ਕਰਨ ਵਾਲੇ ਕਿਸਾਨਾਂ ਪਰਿਵਾਰਾਂ ਦੇ 39 ਨੌਜਵਾਨ ਵੀ ਸੂਚੀ 'ਚ

ਕਰਨ ਵਾਲੇ 50 ਕਿਸਾਨ ਪਰਿਵਾਰਾਂ ਵਿਚੋਂ 39 ਪਰਿਵਾਰਾਂ ਦੇ ਯੋਗ ਮੈਂਬਰਾਂ ਨੂੰ ਪਲੇਸਮੈਂਟ ਲਈ ਚੁਣਿਆ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਹਿਲਾਂ ਲਗਾਏ ਗਏ 4 ਰੁਜ਼ਗਾਰ ਮੇਲਿਆਂ ਕਰੀਬ 1200 ਬੇਰੁਜ਼ਗਾਰ ਨੌਜਵਾਨਾਂ ਨੂੰ ਸਵੈ-ਰੁਜ਼ਗਾਰ ਅਤੇ ਵੱਖ-ਵੱਖ ਕੰਪਨੀਆਂ ਵਿਚ ਪਲੇਸਮੈਂਟ ਕਰਵਾਈ ਗਈ ਹੈ ਅਤੇ ਅੱਜ ਦੇ ਮੇਲੇ ਸਮੇਤ ਕੁੱਲ 1800 ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਇਆ ਗਿਆ ਹੈ। ਜ਼ਿਲ੍ਹਾ ਰੁਜ਼ਗਾਰ ਅਧਿਕਾਰੀ ਮੇਜਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਮੇਲੇ ਦੌਰਾਨ 1135 ਬਿਨੈਕਾਰਾਂ ਵੱਲੋਂ ਰਜਿਸਟ੍ਰੇਸ਼ਨ ਕਰਵਾਈ ਗਈ ਸੀ ਅਤੇ ਕਰੀਬ 4000 ਨੌਜਵਾਨ ਇਸ ਮੇਲੇ ਵਿੱਚ ਸ਼ਾਮਿਲ ਹੋਏ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਗੁਰਿੰਦਰ ਪਾਲ ਸਿੰਘ ਸਹੋਤਾ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਹਰਿੰਦਰ ਸਿੰਘ ਸਰਾਂ, ਐਸ.ਡੀ.ਐਮ. ਮਾਨਸਾ ਲਤੀਫ਼ ਅਹਿਮਦ, ਸਹਾਇਕ ਕਮਿਸ਼ਨਰ (ਜ) ਓਮ ਪ੍ਰਕਾਸ਼, ਸਹਾਇਕ ਕਮਿਸ਼ਨਰ (ਸ਼ਿਕਾਇਤਾਂ) ਦੀਪਕ ਰੁਹੇਲਾ, ਜ਼ਿਲ੍ਹਾ ਕੋਆਰਡੀਨੇਟਰ ਨਹਿਰੂ ਯੁਵਾ ਕੇਂਦਰ ਪਰਮਜੀਤ ਕੌਰ ਸੋਹਲ, ਪ੍ਰੋ: ਸਵਪਨਦੀਪ ਕੌਰ, ਮੈਡਮ ਨਿਕੀਤਾ ਸਿੰਘ ਆਦਿ ਹਾਜ਼ਰ ਸਨ।

Scanned with CamScanner

# ਨਹਿਰੂ ਮੈਮੋਰੀਅਲ ਕਾਲਜ ਮਾਨਸਾ ਵਿਖੇ ਰੁਜ਼ਗਾਰ ਮੇਲਾ ਭਲਕੇ

20 ਸਤੰਬਰ

ਮਾਨਸਾ, 19 ਸਤੰਬਰ (ਗੁਰਚੇਤ ਸਿੰਘ ਫੱਤੇਵਾਲੀਆ)- ਜ਼ਿਲ੍ਹਾ ਬਿਊਰੋ ਆਫ਼ ਰੁਜ਼ਗਾਰ ਜਨਰੇਸ਼ਨ ਐਂਡ ਟਰੇਨਿੰਗ ਮਾਨਸਾ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਮਾਨਸਾ ਦੇ ਸਹਿਯੋਗ ਨਾਲ 1 ਦਿਨਾਂ ਰੁਜ਼ਗਾਰ ਮੇਲਾ 21 ਸਤੰਬਰ ਨੂੰ ਸਵੇਰੇ 9 ਵਜੇ ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਲਗਾਇਆ ਜਾ ਰਿਹਾ ਹੈ, ਜਿਸ ਦੀ ਪ੍ਰਧਾਨਗੀ ਧਰਮਪਾਲ ਗੁਪਤਾ ਡਿਪਟੀ ਕਮਿਸ਼ਨਰ ਕਰਨਗੇ। ਇਹ ਪ੍ਰਗਟਾਵਾ ਵਧੀਕ ਡਿਪਟੀ ਕਮਿਸ਼ਨਰ (ਜ) ਗੁਰਿੰਦਰਪਾਲ ਸਿੰਘ ਸਹੋਤਾ ਨੇ ਪ੍ਰਬੰਧਾਂ ਨੂੰ ਲੈ ਕੇ ਸਬੰਧਿਤ ਵਿਭਾਗਾਂ ਦੀ ਮੀਟਿੰਗ ਦੌਰਾਨ ਕੀਤਾ। ਉਨ੍ਹਾਂ ਦੱਸਿਆ ਮੇਲੇ ਵਿੱਚ ਵੱਖ-ਵੱਖ ਕੰਪਨੀਆਂ ਵੱਲੋਂ ਮੌਕੇ 'ਤੇ ਹੀ ਲੋੜ ਅਨੁਸਾਰ ਨੌਜਵਾਨਾਂ ਦੀ ਚੋਣ ਕਰ ਕੇ ਪਲੇਸਮੈਂਟ ਕੀਤੀ ਜਾਵੇਗੀ। ਰੁਜ਼ਗਾਰ ਮੇਲੇ ਵਿਚ ਆਈ.ਟੀ., ਮਕੈਨੀਕਲ ਇੰਜੀਨੀਅਰ, ਬੀ.ਐਸ.ਸੀ. (ਨਾਨ ਮੈਡੀਕਲ), ਆਈ.ਟੀ.ਆਈ., ਡਿਪਲੋਮਾ ਹੋਲਡਰ, ਅੱਠਵੀਂ ਤੇ ਬਾਰ੍ਹਵੀਂ ਪਾਸ ਪ੍ਰਾਰਥੀ ਭਾਗ ਲੈ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸ ਰੁਜ਼ਗਾਰ ਮੇਲੇ ਵਿਚ ਸ਼ਿਵਾ ਪ੍ਰੋਟੀਨ ਪ੍ਰੋਡਕਟ, ਲਾਰਸਨ ਐਂਡ ਟੂਬਰੋ, ਟਰਾਈਡੈਂਟ ਗਰੁੱਪ, ਗੁਰੂ ਗੀਪਰ ਇੰਡਸਟਰੀ, ਰੂਪ ਐਗਰੀਕਲਚਰ ਇੰਡਸਟਰੀ, ਭਾਈ [illegible] ਬਹਿਲੋ ਐਗਰੀਕਲਚਰ ਵਰਕਸ, ਸਟੈਂਡਰਡ ਕਾਰਪੋਰੇਸ਼ਨ ਇੰਡੀਆ ਲਿਮਟਿਡ ਅਤੇ ਪਾਲ ਐਗਰੋ ਇੰਡਸਟਰੀ ਕੰਪਨੀਆਂ ਵੱਲੋਂ ਸ਼ਿਰਕਤ ਕੀਤੀ ਜਾਵੇਗੀ। ਇਸ ਮੌਕੇ ਜ਼ਿਲ੍ਹਾ ਰੁਜ਼ਗਾਰ ਅਫ਼ਸਰ ਮੇਜਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਮੇਲੇ ਦੌਰਾਨ ਪਲੇਸਮੈਂਟ ਤੋਂ ਇਲਾਵਾ ਜ਼ਿਲ੍ਹਾ ਰੁਜ਼ਗਾਰ ਜਨਰੇਸ਼ਨ ਐਂਡ ਟਰੇਨਿੰਗ ਦਫ਼ਤਰ ਮਾਨਸਾ ਵੱਲੋਂ ਮੌਕੇ 'ਤੇ ਬੇਰੁਜ਼ਗਾਰ ਪ੍ਰਾਰਥੀਆਂ ਦਾ ਨਾਂਅ ਰੁਜ਼ਗਾਰ ਸਹਾਇਤਾ ਸਬੰਧੀ ਦਰਜ ਕੀਤਾ ਜਾਵੇਗਾ। ਇਸ ਮੌਕੇ ਸਹਾਇਕ ਕਮਿਸ਼ਨਰ (ਜ) ਓਮ ਪ੍ਰਕਾਸ਼, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਬਲਜੀਤ ਕੌਰ, ਪ੍ਰਿੰਸੀਪਲ ਆਈ.ਟੀ.ਆਈ. ਪਵਨ ਕੁਮਾਰ, ਡਿਪਟੀ ਪ੍ਰੋਜੈਕਟ ਡਾਇਰੈਕਟਰ ਆਤਮਾ ਡਾ. ਚਮਨਦੀਪ ਸਿੰਘ ਅਤੇ ਪਲੇਸਮੈਂਟ ਇੰਸਟਰਕਟਰ ਰਵਿੰਦਰ ਸਿੰਘ ਆਦਿ ਹਾਜ਼ਰ ਸਨ।

**8 ਕੰਪਨੀਆਂ ਵੱਲੋਂ ਕੀਤੀ ਜਾਵੇਗੀ ਨੌਜਵਾਨਾਂ ਦੀ ਪਲੇਸਮੈਂਟ ਲਈ ਚੋਣ**

Scanned with CamScanner

4 | ਪੰਜਾਬੀ ਜਾਗਰਣ ਜਲੰਧਰ 1 ਫਰਵਰੀ 2018



# ਸਾਹਿਤਕਾਰ ਉਸਾਰੂ ਸੇਧ ਦੇਣ : ਬਰਾੜ

## ਨਹਿਰੂ ਮੈਮੋਰੀਅਲ ਕਾਲਜ 'ਚ ਪ੍ਰੋ. ਅਜਮੇਰ ਸਿੰਘ ਦੀ ਯਾਦ 'ਚ ਸਮਾਗਮ ਕਰਵਾਇਆ

**ਜਗਤਾਰ ਸਿੰਘ ਧੰਜਲ, ਮਾਨਸਾ**

ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ ਵਿਖੇ ਪੰਜਾਬੀ ਵਿਭਾਗ ਵੱਲੋਂ ਪ੍ਰੋ. ਅਜਮੇਰ ਸਿੰਘ ਦੀ ਨਿੱਘੀ ਯਾਦ ਨੂੰ ਸਮਰਪਿਤ ਇੱਕ ਵਿਸ਼ੇਸ਼ ਭਾਸ਼ਣ ਕਰਵਾਇਆ ਗਿਆ। ਇਹ ਭਾਸ਼ਣ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਐਡੀਸ਼ਨਲ ਡੀਨ ਕਾਲਜਿਜ਼ ਡਾ. ਰਜਿੰਦਰਪਾਲ ਸਿੰਘ ਬਰਾੜ ਵੱਲੋਂ ਦਿੱਤਾ ਗਿਆ, ਜਿਸ ਮਕਸਦ ਵਿਦਿਆਰਥੀਆਂ ਨੂੰ ਸਮਾਜ ਅਤੇ ਸਾਹਿਤ ਦੇ ਆਪਸੀ ਰਿਸ਼ਤੇ ਬਾਰੇ ਜਾਣੂੰ ਕਰਵਾਉਣਾ ਸੀ। ਇਸ ਮੌਕੇ ਡਾ. ਜਗਤਾਰ ਸਿੰਘ ਮੁਖੀ ਪੰਜਾਬੀ ਵਿਭਾਗ ਨੇ ਜੀ ਆਇਆਂ ਕਹਿੰਦਿਆਂ ਡਾ. ਬਰਾੜ ਦੇ ਪੰਜਾਬੀ ਕਵਿਤਾ, ਕਹਾਣੀ ਅਤੇ ਆਲੋਚਨਾ ਦੇ ਖੇਤਰ ਨਾਲ ਜੁੜੇ ਅਕਾਦਮਿਕ ਪਹਿਲੂ ਬਾਰੇ ਜਾਣਕਾਰੀ ਦੇਣ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਕਰਵਾਏ ਜਾਂਦੇ ਵਿਸ਼ੇਸ਼ ਲੈਕਚਰ ਦੀ ਅਹਿਮੀਅਤ ਅਤੇ ਸਮਾਜ ਲਈ ਇਸ ਦੀ ਸਾਰਥਕਤਾ ਬਾਰੇ ਗੱਲ ਕੀਤੀ। ਡਾ. ਰਜਿੰਦਰਪਾਲ ਸਿੰਘ ਬਰਾੜ ਨੇ ਆਪਣਾ ਭਾਸ਼ਣ ਸ਼ੁਰੂ ਕਰਦਿਆਂ ਪ੍ਰੋ. ਅਜਮੇਰ ਸਿੰਘ ਔਲਖ ਨੂੰ ਯਾਦ ਕੀਤਾ ਅਤੇ ਇੱਕ ਨਾਟਕਕਾਰ ਦੇ ਤੌਰ 'ਤੇ ਉਨ੍ਹਾਂ ਵੱਲੋਂ ਸਮਾਜਿਕ ਸਰੋਕਾਰਾਂ ਨਾਲ ਜੁੜੇ ਆਪਣੇ ਗੰਭੀਰ ਵਿਚਾਰਾਂ ਕਰਕੇ ਉਸਾਰੂ ਸਾਹਿਤ ਦੀ ਸਿਰਜਣਾ ਕਰਦਿਆਂ ਸਮਾਜ ਨੂੰ ਵੱਡੀ ਦੇਣ ਦਿੱਤੀ, ਜਿਸ ਕਰਕੇ ਨਹਿਰੂ ਮੈਮੋਰੀਅਲ ਕਾਲਜ ਹੀ ਨਹੀਂ ਸਗੋਂ ਮਾਨਸਾ ਸ਼ਹਿਰ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪਹੁੰਚਾਇਆ। ਡਾ. ਬਰਾੜ ਨੇ ਸਹਿਤ ਅਤੇ ਸਮਾਜ ਦੇ ਦਵੰਦਆਤਮਕ ਰਿਸ਼ਤੇ ਬਾਰੇ ਵਿਦਿਆਰਥੀਆਂ ਨੂੰ ਜਾਣੂੰ ਕਰਵਾਇਆ ਕਿ ਕਿਵੇਂ ਸਾਹਿਤਕਾਰ ਆਪਣੇ ਵਿਸ਼ੇ ਸਮਾਜ ਵਿਚੋਂ ਲੈਂਦਾ ਹੈ ਤੇ ਮੋੜਵੇਂ ਰੂਪ ਵਿਚ ਆਪਣੀ ਰਚਨਾ ਰਾਹੀਂ ਸਮਾਜਿਕ ਤਬਦੀਲੀ ਵਿਚ ਆਪਣਾ ਯੋਗਦਾਨ ਪਾਉਂਦਾ ਹੈ। ਸਾਹਿਤਕਾਰ ਦਾ ਫਰਜ਼ ਬਣਦਾ ਹੈ ਕਿ ਸਮਾਜ ਵਿਚਲੇ ਗਲਤ ਵਰਤਾਰਿਆਂ ਦੀ ਨਿੰਦਿਆ ਕਰਕੇ ਸਮਾਜ ਨੂੰ ਉਸਾਰੂ ਸੇਧ ਦੇਵੇ ਨਾ ਕਿ ਮਾੜੇ ਵਰਤਾਰਿਆਂ ਨੂੰ ਵਿਸ਼ਾ ਬਣਾਕੇ ਉਨ੍ਹਾਂ ਨੂੰ ਹਵਾ ਦੇਵੇ। ਸਟੇਜ ਸੰਚਾਲਨ ਕਰਦਿਆਂ ਪ੍ਰੋ. ਸੁਪਨਦੀਪ ਕੌਰ ਨੇ ਵਿਦਿਆਰਥੀਆਂ ਨੂੰ ਘਟੀਆ ਪੱਧਰ ਦੇ ਗੀਤਾ ਵਿਚ ਦਿਖਾਏ ਸਮਾਜ ਦੀ ਵੱਧ ਤੋਂ ਵੱਧ ਨਿੰਦਾ ਕਰਨ ਅਤੇ ਉਸਾਰੂ ਸਾਹਿਤ ਨਾਲ ਜੁੜਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਇਸ ਮੌਕੇ ਵਿਦਿਆਰਥੀਆਂ ਮਲਕੀਤ ਸਿੰਘ, ਰੇਨੂੰ, ਮਨਪ੍ਰੀਤ ਸਿੰਘ, ਸਤਨਾਮ ਸਿੰਘ, ਜਸਪ੍ਰੀਤ, ਗੁਰਪ੍ਰੀਤ ਰਾਮ, ਸੁਖਰਾਜ ਆਦਿ ਨੇ ਪੰਜਾਬੀ ਭਾਸ਼ਾ, ਸਾਹਿਤ, ਧਰਮ, ਰਾਜਨੀਤੀ, ਗੀਤਕਾਰੀ ਅਤੇ ਸਮਾਜ ਨਾਲ ਸਬੰਧਿਤ ਗੰਭੀਰ ਸਵਾਲ ਉਠਾਏ ਅਤੇ ਜਵਾਬ ਪ੍ਰਾਪਤ ਕਰਕੇ ਆਪਣੀ ਜਗਿਆਸੂ ਰੁਚੀ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਪ੍ਰੋ. ਕੁਲਦੀਪ ਸਿੰਘ, ਪ੍ਰੋ. ਅੰਬੇਸ਼ ਭਾਰਦਵਾਜ, ਪ੍ਰੋ. ਤਨਵੀਰ ਸਿੰਘ, ਪ੍ਰੋ. ਸੀਮਾ ਜਿੰਦਲ, ਪ੍ਰੋ. ਰਾਵਿੰਦਰ ਸਿੰਘ, ਪ੍ਰੋ. ਪ੍ਰਤਿਭਾ ਜਿੰਦਲ, ਪ੍ਰੋ. ਸਿੰਪਲ ਬਾਂਸਲ ਆਦਿ ਨੇ ਵੀ ਸੰਬੋਧਨ ਕੀਤਾ।



ਨਹਿਰੂ ਮੈਮੋਰੀਅਲ ਕਾਲਜ ਮਾਨਸਾ ਵਿਖੇ ਡਾ. ਰਜਿੰਦਰਪਾਲ ਸਿੰਘ ਬਰਾੜ ਨੂੰ ਸਨਮਾਨਿਤ ਕਰਦੇ ਹੋਏ ਕਾਲਜ ਪ੍ਰੋਫੈਸਰ ਤੇ ਵਿਦਿਆਰਥੀ। ਪੰਜਾਬੀ ਜਾਗਰਣ

# ਖੇਡ ਮੁਕਾਬਲੇ ਕਰਵਾਏ ਅਤੇ ਖ਼ੂਨਦਾਨ ਕੈਂਪ ਲਗਾਏ



ਮਾਨਸਾ ਵਿਖੇ ਕੌਮੀ ਖੇਡ ਦਿਵਸ ਮੌਕੇ ਲਗਾਏ ਖ਼ੂਨਦਾਨ ਕੈਂਪ 'ਚ ਮੁੱਖ ਮਹਿਮਾਨ ਡਿਪਟੀ ਕਮਿਸ਼ਨਰ ਮਾਨਸਾ ਤੇ ਹੋਰ। ਤਸਵੀਰ : ਸੇਮੀ ਮਾਨਸਾ

Scanned with CamScanner

ਅਜੀਤ

30-8-2018

# ਨਸ਼ੇ ਦੇ ਖ਼ਾਤਮੇ ਲਈ ਬਡੀ ਪ੍ਰੋਗਰਾਮ ਫਾਇਦੇਮੰਦ ਸਿੱਧ ਹੋਵੇਗਾ- ਪ੍ਰੋ: ਰਾਵਿੰਦਰ ਸਿੰਘ

ਮਾਨਸਾ, 29 ਅਗਸਤ (ਬਲਵਿੰਦਰ ਸਿੰਘ ਧਾਲੀਵਾਲ)- ਪੰਜਾਬ ਸਰਕਾਰ ਵਲੋਂ ਨਸ਼ਿਆਂ ਦੇ ਖ਼ਾਤਮੇ ਲਈ ਸ਼ੁਰੂ ਕੀਤਾ 'ਬਡੀ' ਪ੍ਰੋਗਰਾਮ ਲੋਕਾਂ ਨੂੰ ਨਸ਼ਿਆਂ ਤੋਂ ਰੋਕਣ ਲਈ ਲਾਭਕਾਰੀ ਹੋਵੇਗਾ। ਇਹ ਪ੍ਰਗਟਾਵਾ ਨੋਡਲ ਅਫ਼ਸਰ ਤੇ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਦੇ ਸਹਾਇਕ ਪ੍ਰੋ: ਰਾਵਿੰਦਰ ਸਿੰਘ ਨੇ ਕਰਦਿਆਂ ਦੱਸਿਆ ਕਿ ਜੇਕਰ ਸਕੂਲਾਂ, ਕਾਲਜਾਂ ਦੇ ਅਧਿਆਪਕ ਮਿਹਨਤ ਤੇ ਲਗਨ ਨਾਲ ਮੁਹਿੰਮ 'ਚ ਸਾਥ ਦੇਣ ਤਾਂ ਨਸ਼ਿਆਂ ਦਾ ਖ਼ਾਤਮਾ ਹੋ ਸਕਦਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਪ੍ਰੋਗਰਾਮ ਨੂੰ ਵਧੀਆ ਤਰੀਕੇ ਨਾਲ ਚਲਾਉਣ ਲਈ ਰਾਜ ਦੇ ਅਧਿਆਪਕਾਂ ਨੂੰ ਚੰਡੀਗੜ੍ਹ ਵਿਖੇ 2 ਰੋਜ਼ਾ ਸਿਖਲਾਈ ਦਿੱਤੀ ਗਈ ਹੈ। ਇਸ ਯੋਜਨਾ ਤਹਿਤ ਸਿੱਖਿਆ ਸੰਸਥਾਵਾਂ 'ਚ ਵੱਖੋ ਵੱਖਰੇ ਪਿਛੋਕੜ ਨਾਲ ਸਬੰਧ ਰੱਖਣ ਵਾਲੇ ਵਿਦਿਆਰਥੀਆਂ ਦਾ ਬਡੀ ਗਰੁੱਪ ਬਣਾਇਆ ਜਾਵੇਗਾ ਅਤੇ ਹਰ ਗਰੁੱਪ ਨਾਲ ਅਧਿਆਪਕਾਂ ਨੂੰ ਸੀਨੀਅਰ ਬਡੀਜ਼ ਲਗਾ ਕੇ ਨਸ਼ਿਆਂ ਦੇ ਖ਼ਾਤਮੇ ਲਈ ਉਪਰਾਲੇ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਹਰ ਹਫ਼ਤੇ ਅਧਿਆਪਕ ਇਸ ਗਰੁੱਪ ਨਾਲ ਤਾਲਮੇਲ ਕਰ ਕੇ ਵਿਦਿਆਰਥੀਆਂ ਅੰਦਰ ਉਸਾਰੂ ਸੋਚ ਵਿਕਸਿਤ ਕਰਨ ਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਯਤਨ ਜੁਟਾਉਂਦੇ ਰਹਿਣਗੇ। ਪ੍ਰੋ: ਸਿੰਘ ਅਨੁਸਾਰ ਨਹਿਰੂ ਮੈਮੋਰੀਅਲ ਕਾਲਜ ਵਿਖੇ 1345 ਵਿਦਿਆਰਥੀਆਂ ਲਈ 274 ਗਰੁੱਪ ਬਣਾ ਕੇ 28 ਅਧਿਆਪਕਾਂ ਨੂੰ ਲਗਾਇਆ ਗਿਆ ਹੈ ਤਾਂ ਜੋ ਪ੍ਰੋਗਰਾਮ ਨੂੰ ਸਫਲਤਾ ਨਾਲ ਸਿਰੇ ਚਾੜ੍ਹਿਆ ਜਾ ਸਕੇ।



ਪ੍ਰੋ: ਰਵਿੰਦਰ ਸਿੰਘ


ਪੰਜਾਬੀ ਜਾਗਰਣ, 29 ਸਤੰਬਰ 2018

# ਵਿਦਿਆਰਥੀਆਂ ਨੇ ਕਰਵਾਇਆ ਸੈਮੀਨਾਰ

**ਪੱਤਰ ਪ੍ਰੇਰਕ, ਮਾਨਸਾ** : ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ ਵਿਖੇ ਆਲ ਇੰਡੀਆ ਸਟਡੈਂਟਸ ਐਸੋਸੀਏਸ਼ਨ (ਆਇਸਾ) ਵੱਲੋ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਜਨਮ ਦਿਹੜੇ ਨੂੰ ਸਮਰਪਿਤ ਸੈਮੀਨਰ ਕਰਵਾਇਆ ਗਿਆ। ਇਸ ਸੈਮੀਨਰ ਨੂੰ ਪੰਜਾਬੀ ਵਿਭਾਗ ਦੇ ਪ੍ਰੋ ਕੁਲਦੀਪ ਚੌਹਾਨ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸ਼ਹੀਦ ਭਗਤ ਸਿੰਘ ਦੇ ਜੀਵਨ ਅਤੇ ਉਹਨਾਂ ਨੇ ਦੇਸ਼ ਲਈ ਦਿੱਤੀ ਵੱਡੀ ਕੁਰਬਾਨੀ ਅਤੇ ਉਹਨਾਂ ਦੀ ਵਿਚਾਰਧਾਰਾ ਬਾਰੇ ਚਾਨਣਾ ਪਾਇਆ। ਉਹਨਾਂ ਵਿਦਿਆਰਥੀ ਨੂੰ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਅਪਣਾ ਕੇ ਇਨਕਲਾਬੀ ਲਹਿਰ ਮਜ਼ਬੂਤ ਕਰਨ ਲਈ ਪ੍ਰੇਰਿਤ ਕੀਤਾ। ਇਸ ਸਮੇਂ ਪ੍ਰੋ ਰਵਿੰਦਰ ਸਿੰਘ ਅਤੇ ਆਇਸਾ ਆਗੂ ਪ੍ਰਦੀਪ ਗੁਰੂ ਨੇ ਸੰਬੋਧਨ ਕਰਦਿਆਂ ਕਿਹਾ ਜਿਸ ਆਜ਼ਾਦੀ ਦੀ ਗੱਲ ਸ਼ਹੀਦ ਭਗਤ ਸਿੰਘ ਕਰਦੇ ਸਨ ਉਹ ਆਜ਼ਾਦੀ ਅਜੇ ਨਹੀ ਮਿਲੀ। ਉਨ੍ਹਾਂ ਕਿਹਾ ਗੋਰੇ ਅੰਗਰੇਜ਼ ਚਲੇ ਗਏ ਅਤੇ ਕਾਲੇ ਅੰਗਰੇਜ਼ ਦੇਸ਼ ਉੱਪਰ ਕਾਬਜ਼ ਹੋ ਗਏ। ਉਹਨਾਂ ਕਿਹਾ ਦੇਸ਼ ਤੇ ਕਾਬਜ਼ ਕਾਲੇ ਅੰਗਰੇਜ਼ਾਂ ਤੋ ਦੇਸ਼ ਆਜ਼ਾਦ ਕਵਾਉਣ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਹੀ ਇੱਕੋ-ਇੱਕ ਰਾਹ ਹੈ ਉਹਨਾਂ ਨੇ ਵਿਦਿਆਰਥੀਆਂ ਨੂੰ ਜਥੇਬੰਦਕ ਹੋਣ ਲਈ ਕਿਹਾ।

Scanned with CamScanner

ਅਜੀਤ 3 ਅਕਤੂਬਰ, 2018



ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ ਵਿਖੇ ਨੋਡਲ ਅਫ਼ਸਰ ਪ੍ਰੋ: ਰਾਵਿੰਦਰ ਸਿੰਘ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ। ਅਜੀਤ ਤਸਵੀਰਾਂ

# ਬਡੀ ਪ੍ਰੋਗਰਾਮ ਨੂੰ ਵਿਦਿਆਰਥੀਆਂ ਵਲੋਂ ਦਿੱਤਾ ਜਾ ਰਿਹਾ ਹੈ ਭਰਵਾਂ ਹੁੰਗਾਰਾ

ਮਾਨਸਾ, 2 ਅਕਤੂਬਰ (ਬਲਵਿੰਦਰ ਸਿੰਘ ਧਾਲੀਵਾਲ)- ਰਾਜ ਸਰਕਾਰ ਵਲੋਂ ਨਸ਼ੇ ਦੇ ਖ਼ਾਤਮੇ ਲਈ ਵਿੱਦਿਅਕ ਸੰਸਥਾਵਾਂ 'ਚ ਚਲਾਏ ਬਡੀ ਪ੍ਰੋਗਰਾਮ ਨੂੰ ਵਿਦਿਆਰਥੀਆਂ ਵਲੋਂ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ। ਇਸ ਪ੍ਰੋਗਰਾਮ ਤਹਿਤ ਵੱਖ ਵੱਖ ਪਿਛੋਕੜ ਦੇ ਪਾੜ੍ਹਿਆਂ ਦੇ ਬਡੀ ਗਰੁੱਪ (ਸਾਥੀ ਸਮੂਹ) ਬਣਾਏ ਗਏ ਹਨ ਅਤੇ ਉਨ੍ਹਾਂ ਦੇ ਅਧਿਆਪਕਾਂ ਨੂੰ ਸੀਨੀਅਰ ਬਡੀਜ਼ ਲਗਾਇਆ ਗਿਆ ਹੈ। ਇਸ ਪ੍ਰੋਗਰਾਮ ਨੂੰ ਚਲਾਉਣ ਲਈ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਦੇ ਸਹਾਇਕ ਪ੍ਰੋ: ਰਾਵਿੰਦਰ ਸਿੰਘ ਨੂੰ ਨੋਡਲ ਅਫ਼ਸਰ ਨਿਯੁਕਤ ਕੀਤਾ ਗਿਆ ਹੈ। ਨੋਡਲ ਅਫ਼ਸਰ ਨੇ ਦੱਸਿਆ ਕਿ ਕਾਲਜ ਵਿਖੇ ਹਰ ਹਫ਼ਤੇ ਸ਼ੁੱਕਰਵਾਰ ਨੂੰ ਪਹਿਲਾ ਪੀਰੀਅਡ ਬਡੀ ਪ੍ਰੋਗਰਾਮ ਤਹਿਤ ਲਗਾਇਆ ਜਾਂਦਾ ਹੈ, ਜਿਸ ਦੌਰਾਨ ਵਿਦਿਆਰਥੀਆਂ ਨਾਲ ਨਸ਼ਿਆਂ ਖ਼ਿਲਾਫ਼ ਮੁਹਿੰਮ ਨੂੰ ਸਫਲ ਬਣਾਉਣ ਅਤੇ ਨੌਜਵਾਨਾਂ ਨੂੰ ਪ੍ਰੇਰਿਤ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ। ਇਸੇ ਮੁਹਿੰਮ ਤਹਿਤ ਵਿਦਿਆਰਥੀਆਂ ਨੂੰ ਨਸ਼ਿਆਂ ਖ਼ਿਲਾਫ਼ ਲੇਖ ਲਿਖਣ, ਭਾਸ਼ਣ ਮੁਕਾਬਲੇ ਅਤੇ ਉਨ੍ਹਾਂ ਦੀ ਪ੍ਰਤਿਭਾ ਨੂੰ ਨਿਖਾਰਨ ਲਈ ਵਿਸ਼ੇਸ਼ ਸਕਿੱਲਜ਼ ਪੈਦਾ ਕਰਨ ਲਈ ਯਤਨ ਕੀਤੇ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਇਸ ਪ੍ਰੋਗਰਾਮ ਦਾ ਵਿਦਿਆਰਥੀਆਂ ਨੂੰ ਵਿੱਦਿਅਕ ਖੇਤਰ 'ਚ ਲਾਭ ਹੋ ਰਿਹਾ ਹੈ ਕਿਉਂਕਿ ਸਾਥੀ ਗਰੁੱਪਾਂ 'ਚ ਉਹ ਪੜ੍ਹਾਈ 'ਚ ਵੀ ਇਕ ਦੂਜੇ ਤੋਂ ਬਹੁਤ ਕੁਝ ਹਾਸਲ ਕਰਦੇ ਹਨ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਜ਼ਿਲ੍ਹੇ 'ਚ 12 ਨਿੱਜੀ ਕਾਲਜਾਂ 'ਚ ਬਡੀ ਗਰੁੱਪ ਬਣਾਏ ਗਏ ਹਨ, ਦੇ ਪ੍ਰਬੰਧਕਾਂ ਤੇ ਵਿਦਿਆਰਥੀਆਂ ਵਲੋਂ ਸਹਿਯੋਗ ਦਿੱਤਾ ਜਾ ਰਿਹਾ ਹੈ।

Scanned with CamScanner



ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ ਵਿਖੇ ਸਵੱਛਤਾ ਹੀ ਸੇਵਾ ਮੁਹਿੰਮ ਦਾ ਆਗਾਜ਼ ਕਰਨ ਮੌਕੇ ਦੀ ਤਸਵੀਰ। ਅਜੀਤ ਤਸਵੀਰ

Scanned with CamScanner

ਖੇਤਰੀ ਯੁਵਕ ਅਤੇ ਲੋਕ ਮੇਲੇ ਦੇ ਤੀਜੇ ਦਿਨ ਵਿਦਿਆਰਥੀਆਂ ਨੇ ਕੀਤਾ ਸ਼ਾਨਦਾਰ ਪ੍ਰਦਰਸ਼ਨ

# ਸਰਕਾਰ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਕਰ ਰਹੀ ਹੈ ਵਿਸ਼ੇਸ਼ ਉਪਰਾਲੇ : [illegible]

**ਵੇਦ ਤਾਇਲ ਭੀਖੀ**

ਦਿ ਰਾਇਲ ਗਰੁੱਪ ਆਫ ਕਾਲਜਿਜ਼ ਬੋੜਾਵਾਲ ਦੇ ਵਿਹੜੇ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕਰਵਾਏ ਜਾ ਰਹੇ ਮਾਨਸਾ ਖੇਤਰ ਦੇ ਯੁਵਕ ਤੇ ਲੋਕ ਮੇਲੇ ਦੇ ਤੀਸਰੇ ਦਿਨ ਪ੍ਰਤੀਯੋਗੀਆਂ ਨੇ ਆਪਣੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਤੀਜੇ ਦਿਨ ਮੁੱਖ ਮਹਿਮਾਨ ਵੱਜੋ ਪੁੱਜੇ ਪੰਜਾਬ ਦੇ ਪਸ਼ੂਪਾਲਣ ਮੰਤਰੀ ਬਲਵੀਰ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬ ਸਰਕਾਰ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਵਿਸ਼ੇਸ਼ ਉਪਰਾਲੇ ਕਰ ਰਹੀ ਹੈ ਅਤੇ ਨੌਜਵਾਨ ਵਰਗ ਨੂੰ ਸੱਭਿਆਚਾਰ ਅਤੇ ਪੁਰਾਤਨ ਵਿਰਸੇ ਨੂੰ ਬਰਕਰਾਰ ਲਈ ਅੱਗੇ ਆਉਣਾ ਚਾਹੀਦਾ ਹੈ, ਇਹ ਤਾਂ ਹੀ ਸੰਭਵ ਹੈ ਜੇਕਰ ਨੌਜਵਾਨ ਪੀੜ੍ਹੀ ਵਿਰਸੇ ਪ੍ਰਤੀ ਜਾਗਰੂਕ ਹੋਵੇਗੀ। ਸੰਸਥਾ ਦੀ ਡਾਇਰੈਕਟਰ ਡਾ. ਸਰਬਜੀਤ ਕੌਰ ਸੋਹਲ ਨੇ ਕਿਹਾ ਕਿ ਸੰਸਥਾ ਅਜਿਹੇ ਮੇਲੇ ਅਤੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸਮੇਂ-ਸਮੇਂ 'ਤੇ ਉਲੀਕੇ ਪ੍ਰੋਗਰਾਮਾਂ ਵਿਚ ਜਿਵੇਂ ਕਿ ਮਿਸ਼ਨ ਤੰਦਰੁਸਤ ਪੰਜਾਬ, ਪੜ੍ਹੋ ਪੰਜਾਬ, ਖੇਡੋ ਪੰਜਾਬ ਆਦਿ ਵਿਚ ਵੱਧ ਚੜ੍ਹ ਕੇ ਹਿੱਸਾ ਪਾਉਂਦੀ ਆ ਰਹੀ ਹੈ। ਉਨ੍ਹਾਂ ਇਸ ਦੌਰਾਨ ਰੋਇਲ ਕਾਲਜ ਬੋੜਾਵਾਲ ਨੂੰ ਪੰਜ ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਕੀਤਾ।

ਇਸ ਮੌਕੇ ਰਜਿੰਦਰ ਸਿੰਘ ਸੋਹਲ ਐਸ. ਪੀ. ਮੋਹਾਲੀ ਨੇ ਕਿਹਾ ਕਿ ਰੌਇਲ ਗਰੁੱਪ ਜਿੱਥੇ ਅੱਤਵਾਦ ਪੀੜਿਤ ਪਰਿਵਾਰਾਂ ਦੇ ਬੱਚਿਆਂ ਨੂੰ ਵਧੀਆ ਸਿੱਖਿਆ ਦੇਣ ਲਈ ਵਚਨਬੱਧ ਹੈ ਉੱਥੇ ਗਰੀਬ ਬੱਚਿਆਂ ਲਈ ਵੀ ਵਿਸ਼ੇਸ਼ ਰਿਆਇਤਾਂ ਦੇ ਕੇ ਉਨ੍ਹਾਂ ਨੂੰ ਉਚ ਸਿੱਖਿਆ ਪ੍ਰਦਾਨ ਕਰ ਰਿਹਾ ਹੈ। ਮੇਲੇ ਵਿੱਚ ਵਿਸ਼ੇਸ਼ ਮਹਿਮਾਨ ਵੱਜੋ ਪੁੱਜੇ ਕਾਮੇਡੀ ਕਲਾਕਾਰ ਗੁਰਪ੍ਰੀਤ ਘੁੱਗੀ ਨੇ ਦਰਸ਼ਕਾਂ ਨਾਲ ਆਪਣੇ ਦਿਲ ਦੀਆਂ ਗੱਲਾਂ ਸਾਂਝੀਆਂ ਕੀਤੀਆਂ। ਕਾਲਜ ਪ੍ਰਿੰਸੀਪਲ ਪ੍ਰੋ. ਕੇ.ਕੇ. ਸ਼ਰਮਾ ਅਤੇ ਕਾਲਜ ਦੇ ਯੁਥ ਸੇਵਾਵਾਂ ਦੀ ਕੋਆਰਡੀਨੇਟਰ ਪ੍ਰੋ. ਕਿਰਨਜੀਤ ਕੌਰ ਚੌਹਾਨ ਨੇ ਅੰਤ ਦੇ ਪ੍ਰੋਗਰਾਮ ਦਾ ਵੇਰਵਾ ਦਿੰਦਿਆਂ ਦੱਸਿਆ ਕਿ ਮੇਲੇ ਦੇ ਤੀਸਰੇ ਦਿਨ ਸੰਮੀ, ਪਹਿਰਾਵਾ ਪ੍ਰਦਰਸ਼ਨੀ, ਲੁੱਡੀ, ਮਲਵਈ ਗਿੱਧਾ, ਰਵਾਇਤੀ ਲੋਕ ਗੀਤ, ਕਵੀਸ਼ਰੀ, ਵਾਰ ਗਾਇਨ, ਕਲੀ ਗਾਇਣ, ਡਾਂਸ ਕਲਾ, ਕਾਵਿ ਉਚਾਰਨ, ਨੌਕਤ ਨਾਟਕ, ਛੰਦ, ਪੁਰਾਤਨ ਪੇਂਡੂ ਖੇਡਾਂ ਦੇ ਮੁਕਾਬਲੇ ਕਰਵਾਏ ਗਏ ਜਿੰਨਾਂ ਦੀ ਭੂਮਿਕਾ ਅਜੈ ਚੌਰਸੀਆ ਅੰਬਾਲਾ, ਰਵਿੰਦਰ ਸਿੰਘ ਲੁਧਿਆਣਾ, ਜਤਿੰਨ ਸੇਤੂ, ਡਾ. ਮਨਮੋਹਨ ਸਿੰਘ, ਹਰਕੀਰਤ ਸਿੰਘ, ਡਾ. ਸਾਹਿਬ ਸਿੰਘ ਚੰਡੀਗੜ੍ਹ, ਡਾ. ਭੀਮਇੰਦਰ ਸਿੰਘ ਪਟਿਆਲਾ, ਕੁਮਾਰ ਜਗਦੇਵ ਫਰੀਦਕੋਟ, ਦਲਵੀਰ ਸਿੰਘ ਫਰੀਦਕੋਟ, ਜਗਜੀਤ ਸਰੀਨ ਪਟਿਆਲਾ, ਪ੍ਰਵਿੰਦਰਪਾਲ ਕੌਰ, ਹਰਦੀਪ ਕੌਰ ਲੁਧਿਆਣਾ ਅਤੇ ਡਾ. ਕਿਰਪਾਲ ਕਜਾਕ ਨੇ ਨਿਭਾਈ। ਇਸ ਮੌਕੇ ਅਦਿਤਿਆ ਡਿੱਚਵਾਲ ਐਸ.




ਰਾਇਲ ਕਾਲਜ ਬੋੜਾਵਾਲ ਵਿਖੇ ਚੱਲ ਰਹੇ ਯੁਵਕ ਮੇਲੇ ਵਿਚ ਭੰਗੜਾ ਪਾਉਂਦੇ ਨੌਜਵਾਨ ਤੇ ਭੰਗੜਾ ਟੀਮ ਨਾਲ [illegible] ਸਿੰਘ ਸਿੱਧੂ, ਮਿਲਣ ਗਾਏ ਬਾਂਸਲ ਤੇ ਕਾਲਜ ਸਟਾਫ।

ਡੀ.ਐਮ. ਬੁਢਲਾਡਾ, ਅਜਿਤ [illegible] ਐਸਡੀਐਮ ਮਾਨਸਾ, ਜਸਪ੍ਰੀਤ ਸਿੰਘ ਡੀਐਸਪੀ ਬੁਢਲਾਡਾ, ਅਮਰਜੀਤ ਸਿੰਘ ਤਹਿਸੀਲਦਾਰ ਮਾਨਸਾ, ਰਜਿੰਦਰ ਪਾਲ ਸਿੰਘ ਐਸ.ਐਚ.ਓ. ਭੀਖੀ, ਗੁਰਮੀਤ ਸਿੰਘ ਐਸ.ਐਚ.ਓ. ਸਦਰ ਬੁਢਲਾਡਾ, ਡਾ. ਸੁਖਦੇਵ ਸਿੰਘ, ਡਾ. ਜਸਵਿੰਦਰ ਕੌਰ ਸੰਧੂ, ਡਾ. ਬਲਵਿੰਦਰ ਸਿੰਘ, ਸੁਪਨਦੀਪ ਕੌਰ, ਡਾ. ਸਤਿਗੁਰ ਸਿੰਘ ਡਾ. ਪਰਮਜੀਤ ਸਿੰਘ ਵਿਰਦੀ ਹਾਜਰ ਸਨ।

**ਦੂਜੇ ਦਿਨ ਦੇ ਮੁਕਾਬਲਿਆਂ ਦੇ ਜੇਤੂ** : ਦੂਸਰੇ ਦਿਨ ਦੇ ਨਤੀਜੇ ਇਸ ਪ੍ਰਕਾਰ ਹਨ- ਨਾਟਕ ਮੁਕਾਬਲੇ ਵਿੱਚ ਟੀ.ਪੀ.ਡੀ. ਰਾਮਪੁਰਾਫੂਲ ਨੇ ਪਹਿਲਾ, ਗੁਰੂ ਨਾਨਕ ਕਾਲਜ ਬੁਢਲਾਡਾ ਨੇ ਦੂਜਾ ਅਤੇ ਮਾਤਾ ਸੁੰਦਰੀ ਯੂਨੀਵਰਸਿਟੀ ਕਾਲਜ ਮਾਨਸਾ ਨੇ ਤੀਜਾ ਸਥਾਨ ਹਾਸਲ ਕੀਤਾ। ਮਿਮਕਰੀ ਵਿੱਚ ਗੁਰੂ ਨਾਨਕ ਕਾਲਜ ਬੁਢਲਾਡਾ ਨੇ ਪਹਿਲਾ, ਸੰਤ [illegible] ਐਸ.ਡੀ. ਕਾਲਜ ਬਰਨਾਲਾ ਨੇ ਦੂਜਾ, ਟੀ.ਪੀ.ਡੀ. ਕਾਲਜ ਰਾਮਪੁਰਾਫੂਲ ਨੇ ਤੀਜਾ ਸਥਾਨ ਹਾਸਲ ਕੀਤਾ। ਕਲਾਸੀਕਲ (ਪ੍ਰਕਾਸ਼ਨ) ਵਿੱਚ ਗੁਰੂ ਨਾਨਕ ਕਾਲਜ ਬੁਢਲਾਡਾ ਨੇ ਪਹਿਲਾ, ਐਸ.ਡੀ. ਕਾਲਜ ਬਰਨਾਲਾ ਨੇ ਦੂਜਾ ਸਥਾਨ ਹਾਸਲ ਕੀਤਾ। ਕਲਾਸੀਕਲ (ਨਾਨ-ਪ੍ਰਕਾਸ਼ਨ) ਵਿੱਚ ਗੁਰੂ ਨਾਨਕ ਕਾਲਜ ਬੁਢਲਾਡਾ ਨੇ ਪਹਿਲਾ ਅਤੇ ਐਸ.ਡੀ. ਕਾਲਜ ਬਰਨਾਲਾ ਨੇ ਦੂਜਾ ਸਥਾਨ ਹਾਸਲ ਕੀਤਾ। ਵੈਸਟਰਨ ਸੋਲੋ ਗੀਤ ਵਿੱਚ ਐਸ.ਡੀ. ਕਾਲਜ ਬਰਨਾਲਾ ਨੇ ਪਹਿਲਾ, ਗੁਰੂ ਨਾਨਕ ਕਾਲਜ ਬੁਢਲਾਡਾ ਨੇ ਦੂਜਾ ਅਤੇ ਐਸ.ਡੀ. ਕਾਲਜ ਆਫ ਐਜੂਕੇਸ਼ਨ ਬਰਨਾਲਾ ਨੇ ਤੀਜਾ ਸਥਾਨ ਹਾਸਲ ਕੀਤਾ। ਵੈਸਟਰਨ ਗਰੁੱਪ ਸੋਂਗ ਵਿੱਚ ਗੁਰੂ ਨਾਨਕ ਕਾਲਜ ਬੁਢਲਾਡਾ ਨੇ ਪਹਿਲਾ, ਐਸ.ਡੀ. ਕਾਲਜ ਬਰਨਾਲਾ ਨੇ ਦੂਜਾ ਅਤੇ ਟੀ.ਪੀ.ਡੀ. ਕਾਲਜ ਰਾਮਪੁਰਾਫੂਲ ਨੇ ਤੀਜਾ ਸਥਾਨ ਹਾਸਲ ਕੀਤਾ। [illegible]

ਪੰਜਾਬੀ ਜਾਗਰਣ
13 ਅਕਤੂਬਰ 2018


ਅਜੀਤ - 13 ਅਕਤੂਬਰ 2018



# ਖੇਤਰੀ ਯੁਵਕ ਮੇਲੇ ਦੇ ਤੀਜੇ ਦਿਨ ਗਾਇਕੀ ਤੇ ਲੋਕ ਨਾਚਾਂ ਦੇ ਦ

## ▶▶ ਪੰਜਾਬ ਸਰਕਾਰ ਪੰਜਾਬੀ ਸੱਭਿਆਚਾਰ ਦੀ ਪ੍ਰਫੁੱਲਤਾ ਲਈ

ਬੁਢਲਾਡਾ, 12 ਅਕਤੂਬਰ (ਸਵਰਨ ਸਿੰਘ ਰਾਹੀ)- ਦਿ ਰੌਇਲ ਗਰੁੱਪ ਆਫ਼ ਕਾਲਜਿਜ਼ ਬੋੜਾਵਾਲ ਵਿਖੇ ਜਾਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਚਾਰ ਦਿਨਾਂ ਖੇਤਰੀ ਯੁਵਕ ਤੇ ਲੋਕ ਮੇਲੇ ਦੇ ਤੀਜੇ ਦਿਨ ਦਰਸ਼ਕਾਂ ਨੂੰ ਲੋਕ ਗਾਇਕੀ ਤੇ ਲੋਕ ਨਾਚਾਂ ਦੇ ਦਮਦਾਰ ਮੁਕਾਬਲੇ ਦੇਖਣ-ਸੁਣਨ ਨੂੰ ਮਿਲੇ। ਅੱਜ ਦਿਨ ਭਰ ਦੇ ਸੈਸ਼ਨਾਂ ਦੇ ਮੁੱਖ ਨੌਜਵਾਨਾਂ ਨੂੰ ਅਜਿਹੇ ਸਭਿਆਚਾਰਕ ਪ੍ਰੋਗਰਾਮਾਂ ਰਾਹੀ ਭਰੂਣ ਹੱਤਿਆ ਅਤੇ ਨਸ਼ਿਆਂ ਖਿਲਾਫ਼ ਆਵਾਜ਼ ਬੁਲੰਦ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ। ਸ: ਸਿੱਧੂ ਨੇ ਕਾਲਜ ਲਈ 5 ਲੱਖ ਦੀ ਗਰਾਂਟ ਦਾ ਐਲਾਨ ਵੀ ਕੀਤਾ। ਵਿਦਿਆਰਥੀਆਂ ਦੇ ਰੂਬਰੂ ਹੁੰਦਿਆਂ ਪ੍ਰਸਿੱਧ ਹਾਸਰਸ ਕਲਾਕਾਰ ਗੁਰਪ੍ਰੀਤ ਘੁੱਗੀ ਨੇ ਕਿਹਾ ਕਿ ਮਾਲਵੇ ਦੀ ਪਹਿਲਾ ਸਥਾਨ ਪੰਜਾਬੀ ਯੂਨੀਵਰਸਿਟੀ ਟੀ.ਪੀ.ਡੀ. ਕਾਲਜ ਰਾਮਪੁਰਾ ਫੂਲ, ਦੂਜਾ ਸਥਾਨ ਨਹਿਰੂ ਮੈਮੋਰੀਅਲ ਕਾਲਜ ਮਾਨਸਾ, ਤੀਜਾ ਸਥਾਨ ਮਾਤਾ ਸੁੰਦਰੀ ਯੂਨੀਵਰਸਿਟੀ ਕਾਲਜ ਮਾਨਸਾ, ਵਾਰ ਗਾਇਨ 'ਚ ਪਹਿਲਾ ਸਥਾਨ ਗੁਰੂ ਨਾਨਕ ਕਾਲਜ ਬੁਢਲਾਡਾ, ਦੂਜਾ ਸਥਾਨ ਐਸ.ਡੀ. ਕਾਲਜ ਬਰਨਾਲਾ, ਤੀਜਾ



ਦਿ ਰੌਇਲ ਗਰੁੱਪ ਆਫ਼ ਕਾਲਜਿਜ਼ ਬੋੜਾਵਾਲ ਵਿਖੇ ਯੁਵਕ ਮੇਲੇ ਦੌਰਾਨ ਲੋਕ ਨਾਚ ਲੁੱਡੀ ਦੀ ਪੇਸ਼ਕਾਰੀ ਦੀ ਝਲਕ। *ਤਸਵੀਰ : ਟੋਨੀ ਬੁਢਲਾਡਾ*

ਮਹਿਮਾਨ ਵਜੋਂ ਪ੍ਰਸਿੱਧ ਪੰਜਾਬੀ ਫ਼ਿਲਮ ਹਾਸਰਸ ਕਲਾਕਾਰ ਗੁਰਪ੍ਰੀਤ ਸਿੰਘ ਘੁੱਗੀ ਅਤੇ ਪਸ਼ੂ ਪਾਲਨ ਵਿਕਾਸ ਤੇ ਲੇਬਰ ਮੰਤਰੀ ਪੰਜਾਬ ਬਲਵੀਰ ਸਿੰਘ ਸਿੱਧੂ ਸਨ ਜਦਕਿ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਅਰਸ਼ਦ ਖਾਨ ਡਾਲੀ, ਅਦਿੱਤ ਡੇਚਰਵਾਲ ਐਸ.ਡੀ.ਐਮ. ਬੁਢਲਾਡਾ, ਰਾਜਿੰਦਰ ਸਿੰਘ ਸੋਹਲ ਐਸ.ਪੀ. ਮੋਹਾਲੀ ਅਤੇ ਸਿਮਰਜੀਤ ਸਿੰਘ ਲੰਗ ਡੀ.ਐਸ.ਪੀ. ਮਾਨਸਾ ਸਨ। ਕਾਲਜ ਦੇ ਡਾਇਰੈਕਟਰ ਡਾ: ਸਰਬਜੀਤ ਕੌਰ ਸੋਹਲ ਪ੍ਰਧਾਨ ਪੰਜਾਬ ਸਾਹਿਤ ਅਕਾਦਮੀ ਨੇ ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਾਲਜ ਦੀਆਂ ਬੀਤੇ ਵਰ੍ਹੇ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਸੰਬੋਧਨ ਕਰਦਿਆਂ ਪਸ਼ੂ ਪਾਲਨ ਵਿਕਾਸ ਮੰਤਰੀ ਸ: ਸਿੱਧੂ ਨੇ ਕਿਹਾ ਕਿ ਪੰਜਾਬ ਸਰਕਾਰ ਪੰਜਾਬੀ ਸਭਿਆਚਾਰ ਦੀ ਪ੍ਰਫੁੱਲਤਾ ਲਈ ਗੰਭੀਰ ਹੈ। ਉਨ੍ਹਾਂ ਜ਼ਰਖੇਜ਼ ਭੂਮੀ ਉੱਪਰ ਕਿੰਨੀਆਂ ਹੀ ਲੋਕ ਕਲਾਵਾਂ ਉੱਭਰੀਆਂ ਹਨ, ਜਿਨ੍ਹਾਂ ਵਿਚੋਂ ਮਲਵਈ ਗਿੱਧਾ ਵੀ ਇੱਕ ਹੈ ਜੋ ਕਿ ਮਾਲਵੇ ਦੀ ਜਿੰਦ ਜਾਨ ਸਮਝਿਆ ਜਾਂਦਾ ਹੈ। ਉਨ੍ਹਾਂ ਕਾਲਜ ਕਮੇਟੀ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਇਸ ਯੁਵਕ ਮੇਲੇ ਰਾਹੀਂ ਵਿੱਸਰਦੀਆਂ ਜਾਂਦੀਆਂ ਕੋਮਲ ਤੇ ਸਭਿਆਚਾਰਕ ਕਲਾਵਾਂ ਨੂੰ ਮੁੜ ਸੁਰਜੀਤ ਕਰਨ ਦਾ ਕੰਮ ਕੀਤਾ ਹੈ। ਤੀਜੇ ਦਿਨ ਦੇ ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਕੇ.ਕੇ. ਸ਼ਰਮਾ ਅਤੇ ਪ੍ਰੋਗਰਾਮ ਕੋਆਰਡੀਨੇਟਰ ਪ੍ਰੋ: ਕਿਰਨਜੀਤ ਕੌਰ ਨੇ ਦੱਸਿਆ ਕਿ ਕਲੀ ਗਾਇਨ ਮੁਕਾਬਲੇ 'ਚ ਪਹਿਲਾ ਸਥਾਨ ਗੁਰੂ ਨਾਨਕ ਕਾਲਜ ਬੁਢਲਾਡਾ, ਦੂਜਾ ਸਥਾਨ ਐਸ.ਡੀ. ਕਾਲਜ ਬਰਨਾਲਾ, ਤੀਜਾ ਸਥਾਨ ਮਾਤਾ ਸੁੰਦਰੀ ਯੂਨੀਵਰਸਿਟੀ ਕਾਲਜ ਮਾਨਸਾ, ਨੁੱਕੜ ਨਾਟਕ ਵਿਚ ਸਥਾਨ ਮਾਤਾ ਸੁੰਦਰੀ ਯੂਨੀਵਰਸਿਟੀ ਕਾਲਜ ਮਾਨਸਾ, ਭੰਡ 'ਚ ਪਹਿਲਾ ਸਥਾਨ ਜਸਮੇਲ ਸਿੰਘ ਜੇਜੀ ਕਾਲਜ ਗੁਰਨੇ ਕਲਾਂ, ਦੂਜਾ ਸਥਾਨ ਪੰਜਾਬੀ ਯੂਨੀਵਰਸਿਟੀ ਟੀ.ਪੀ.ਡੀ. ਕਾਲਜ ਰਾਮਪੁਰਾ ਫੂਲ, ਤੀਜਾ ਸਥਾਨ ਗੁਰੂ ਨਾਨਕ ਕਾਲਜ ਬੁਢਲਾਡਾ, ਰਵਾਇਤੀ ਲੋਕ ਗੀਤ ਚ ਪਹਿਲਾ ਸਥਾਨ ਮਾਤਾ ਸੁੰਦਰੀ ਯੂਨੀਵਰਸਿਟੀ ਕਾਲਜ ਮਾਨਸਾ, ਦੂਜਾ ਸਥਾਨ ਗੁਰੂ ਨਾਨਕ ਕਾਲਜ ਬੁਢਲਾਡਾ, ਤੀਜਾ ਸਥਾਨ ਐਸ.ਡੀ. ਐਜੂਕੇਸ਼ਨ ਕਾਲਜ ਬਰਨਾਲਾ, ਮਲਵਈ ਗਿੱਧਾ 'ਚ ਪਹਿਲਾ ਸਥਾਨ ਦਿ ਰੌਇਲ ਗਰੁੱਪ ਆਫ਼ ਬੋੜਾਵਾਲ, ਦੂਜਾ ਸਥਾਨ ਪੰਜਾਬੀ ਯੂਨੀਵਰਸਿਟੀ ਟੀ.ਪੀ.ਡੀ. ਮਾਲਵਾ ਕਾਲਜ ਰਾਮਪੁਰਾ ਫੂਲ, ਕਵੀਸ਼ਰੀ ਗਾਇਨ ਪਹਿਲਾ ਸਥਾਨ ਗੁਰੂ ਨਾਨਕ ਕਾਲਜ ਬੁਢਲਾਡਾ, ਦੂਜਾ ਸਥਾਨ ਮਾਤਾ ਸੁੰਦਰੀ ਯੂਨੀਵਰਸਿਟੀ

Scanned with CamScanner

ਪੰਜਾਬੀ ਜਾਗਰਣ
14 ਅਕਤੂਬਰ 2018



# ਅਮਿੱਟ ਯਾਦਾਂ ਛੱਡ ਗਿਆ ਯੁਵਕ ਮੇਲਾ

## ਨੌਜਵਾਨਾਂ ਨੂੰ ਪੰਜਾਬੀ ਵਿਰਸੇ ਨਾਲ ਜੋੜਨ ਲਈ ਯੁਵਕ ਮੇਲਿਆਂ ਦੀ ਲੋੜ : ਕਾਂਗੜ

ਵੇਦ ਤਾਇਲ ਭੀਖੀ




ਬੋੜਾਵਾਲ ਵਿਖੇ ਰੌਇਲ ਕਾਲਜ ਦੇ ਯੁਵਕ ਮੇਲੇ ਵਿਚ ਭੰਗੜਾ ਪੇਸ਼ ਕਰਦੇ ਗੱਭਰੂ ਤੇ ਬਿਜਲੀ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਦਾ ਸਨਮਾਨ ਕਰਦੇ ਹੋਏ ਕਾਲਜ ਪ੍ਰਬੰਧਕ।

ਦੀ ਰੋਇਲ ਗਰੁੱਪ ਆਫ ਕਾਲਜ ਦੇ ਵਿਹੜੇ ਵਿੱਚ ਚੱਲ ਰਿਹਾ ਖੇਤਰੀ ਯੁਵਕ ਅਤੇ ਕਲਾ ਮੇਲਾ ਅੱਜ ਅਮਿਟ ਯਾਦਾਂ ਛੱਡਦਾ ਸਮਾਪਤ ਹੋ ਗਿਆ। ਮੇਲੇ ਦੇ ਆਖ਼ਰੀ ਦਿਨ ਪੰਜਾਬ ਦੇ ਬਿਜਲੀ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੇ ਸ਼ਿਰਕਤ ਕੀਤੀ ਜਦੋਂਕਿ ਪ੍ਰਧਾਨਗੀ ਕੁਲਦੀਪ ਸਿੰਘ ਧਾਲੀਵਾਲ ਓਐੱਸਡੀ ਬਿਜਲੀ ਮੰਤਰੀ ਨੇ ਕੀਤੀ। ਸਮਾਗਮ ਦੌਰਾਨ ਵਿਸ਼ੇਸ਼ ਮਹਿਮਾਨ ਵੱਜੋਂ ਪੰਜਾਬੀ ਯੂਨੀਵਰਸਿਟੀ ਦੇ ਡੀਨ ਵਿਦਿਆਰਥੀ ਭਲਾਈ ਡਾ. ਜਸਪਾਲ ਕੌਰ ਅਤੇ ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਡਾ. ਸਰਬਜੀਤ ਕੌਰ ਸੋਹਲ ਨੇ ਸ਼ਿਰਕਤ ਕੀਤੀ।

ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਬਿਜਲੀ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੇ ਕਿਹਾ ਕਿ ਯੁਵਕ ਮੇਲੇ ਪੰਜਾਬ ਦੀਆਂ ਵਿਸਰਦੀਆਂ ਜਾ ਰਹੀਆਂ ਪੁਰਾਤਨ ਕਲਾਵਾਂ ਨੂੰ ਮੁੜ ਸੁਰਜੀਤ ਕਰਨ ਵਿੱਚ ਸਹਾਇਕ ਸਿੱਧ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਸੱਭਿਆਚਾਰ ਅਤੇ ਵਿਰਾਸਤੀ ਕਦਰਾਂ ਕੀਮਤਾਂ ਨਾਲ ਜੋੜਨ ਲਈ ਅਜਿਹੇ ਯੁਵਕ ਮੇਲਿਆਂ ਦੀ ਬਹੁਤ ਮਹੱਤਤਾ ਹੈ। ਉਨ੍ਹਾਂ ਭਰੂਣ ਹੱਤਿਆ ਅਤੇ ਨਸ਼ਿਆਂ ਨੂੰ ਰੋਕਣ ਲਈ ਨੌਜਵਾਨ ਪੀੜ੍ਹੀ ਨੂੰ ਪ੍ਰੇਰਿਤ ਕੀਤਾ। ਉਨ੍ਹਾਂ ਵਿਦਿਆਰਥੀਆਂ ਨੂੰ ਕਿੱਤਾ-ਮੁਖੀ ਕੋਰਸਾਂ ਨੂੰ ਤਰਜੀਹ ਦੇਣ ਲਈ ਕਿਹਾ। ਪ੍ਰੋਗਰਾਮ ਦੇ ਵਿਸ਼ੇਸ਼ ਮਹਿਮਾਨ ਗੁਰਸੇਵਕ ਸਿੰਘ ਲੰਬੀ ਨੇ ਕਿਹਾ ਕਿ ਵਿਦਿਆਰਥੀ ਜੀਵਨ ਵਿੱਚ ਪੜ੍ਹਾਈ ਦੇ ਨਾਲ ਨਾਲ ਅਜਿਹੇ ਯੁਵਕ ਮੇਲੇ ਉਨ੍ਹਾਂ ਦੀ ਸ਼ਖ਼ਸੀਅਤ ਉਸਾਰੀ ਵਿੱਚ ਅਹਿਮ ਰੋਲ ਅਦਾ ਕਰਦੇ ਹਨ। ਉਨ੍ਹਾਂ ਕਿਹਾ ਕਿ ਯੁਵਕ ਮੇਲਿਆਂ ਦੌਰਾਨ ਪੰਜਾਬ ਸਰਕਾਰ ਦੇ ਨਸ਼ਿਆਂ ਖਿਲਾਫ ਚਲਾਏ ਪ੍ਰੋਗਰਾਮ ਬੱਡੀ ਦੇ ਤਹਿਤ ਹੀ ਇਸ ਵਾਰ ਮੁਕਾਬਲੇ ਕਰਵਾਏ ਗਏ ਹਨ।

ਕਾਲਜ ਦੇ ਡਾਇਰੈਕਟਰ ਡਾ. ਸਰਬਜੀਤ ਕੌਰ ਸੋਹਲ ਨੇ ਸਵਾਗਤੀ ਸ਼ਬਦਾਂ ਦੌਰਾਨ ਮਾਣ ਮਹਿਸੂਸ ਕਰਦਿਆਂ ਕਿਹਾ ਕਿ ਇਹ ਕਾਲਜ ਦਾ ਸੁਭਾਗ ਹੀ ਹੈ ਕਿ ਇਸ ਕਾਲਜ ਨੂੰ ਦੂਸਰੀ ਵਾਰ ਖੇਤਰੀ ਯੁਵਕ ਮੇਲੇ ਦੀ ਮੇਜ਼ਬਾਨੀ ਕਰਨ ਦਾ ਮੌਕਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਇਸ ਮੇਲੇ ਵਿੱਚ 64 ਕਾਲਜਾਂ ਦੇ 1600 ਦੇ ਕਰੀਬ ਵਿਦਿਆਰਥੀਆਂ ਨੇ ਹਿੱਸਾ ਲਿਆ ਹੈ ਜਿਸ ਵਿੱਚ ਉਨ੍ਹਾਂ ਆਪਣੀ ਸ਼ਾਨਦਾਰ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ ਹੈ। ਕਾਲਜ ਪ੍ਰਿੰਸੀਪਲ ਪ੍ਰੋ. ਕੇ. ਕੇ. ਸ਼ਰਮਾ ਅਤੇ ਕਾਲਜ ਦੇ ਯੁਵਕ ਸੇਵਾਵਾਂ ਦੇ ਕੋ-ਆਰਡੀਨੇਟਰ ਕਿਰਨਜੀਤ ਕੌਰ ਚੌਹਾਨ ਨੇ ਪ੍ਰੋਗਰਾਮ ਦਾ ਵੇਰਵਾ ਦਿੰਦਿਆਂ ਦੱਸਿਆ ਕਿ ਅੱਜ ਪ੍ਰੋਗਰਾਮ ਦੇ ਅੰਤਿਮ ਦਿਨ ਝੂਮਰ, ਭੰਗੜਾ, ਮਾਈਮ, ਸਕਿੱਟ, ਜਰਨਲ ਕੁਇਜ਼ ਅਤੇ ਲਘੂ ਫਿਲਮ ਦੇ ਮੁਕਾਬਲੇ ਕਰਵਾਏ ਗਏ। ਇਸ ਮੌਕੇ ਐੱਸਪੀ ਮੋਹਾਲੀ ਰਜਿੰਦਰ ਸਿੰਘ ਸੋਹਲ ਨੇ ਕਿਹਾ ਕਿ ਕਾਲਜ ਮੈਨੇਜਮੈਂਟ ਮਾਨਸਾ ਜਿਲੇ ਦੇ ਲੋਕਾਂ ਨੂੰ ਵੱਡੇ ਸ਼ਹਿਰਾਂ ਦੇ ਲੇਬਲ ਦੀ ਪੜ੍ਹਾਈ ਦੇਣ ਲਈ ਵਚਨਵੱਧ ਹੈ। ਉਨ੍ਹਾਂ ਕਿਹਾ ਨੌਜਵਾਨ ਪੜਾਈ ਦੇ ਨਾਲ ਨਾਲ ਖੇਡਾਂ ਤੇ ਹੋਰ ਸਮਾਜ ਸੇਵੀ ਕੰਮਾ ਵੱਲ ਵੀ ਧਿਆਨ ਦੇ ਤਾਂ ਕਿ ਚੰਗੇ ਸਮਾਜ ਦਾ ਨਿਰਮਾਣ ਹੋ ਸਕੇ। ਜੱਜਾਂ ਦੀ ਭੂਮਿਕਾ ਪਰਮਜੀਤ ਕੌਰ ਨੂਰ ਫਗਵਾੜਾ, ਡਾ. ਇੰਦਰਜੀਤ ਸਿੰਘ, ਡਾ. ਸਿੰਮੀ ਪਟਿਆਲਾ, ਡਾ. ਕਿਰਪਾਲ ਕਜਾਕ, ਡਾ. ਮੋਹਨ ਤਿਆਗੀ, ਕੁਲਵੀਰ ਕੌਰ ਵਿਰਕ, ਪ੍ਰੋ. ਗੁਰਪ੍ਰੀਤ ਸਿੰਘ ਰਟੋਲ, ਡਾ. ਚਰਨਜੀਤ ਕੌਰ, ਪ੍ਰੋ. ਪਰਵਿੰਦਰ ਸਿੰਘ, ਪ੍ਰੋ. ਅਮਰਜੀਤ ਸਿੰਘ ਨੇ ਨਿਭਾਈ। ਇਸ ਮੌਕੇ ਗੁਰੂ ਨਾਨਕ ਕਾਲਜ ਬੁਢਲਾਡਾ ਦੇ ਪ੍ਰਿੰਸੀਪਲ ਡਾ. ਕੁਲਦੀਪ ਸਿੰਘ ਬੱਲ, ਡਾ. ਸਤਿਗੁਰ ਸਿੰਘ, ਪ੍ਰੋ. ਗੁਰਦੀਪ ਸਿੰਘ, ਸੁਖਵਿੰਦਰ ਸਿੰਘ ਸੋਹਲ, ਡਾ. ਜਸਵਿੰਦਰ ਕੌਰ ਸੱਗੂ, ਪ੍ਰੋ ਕਿਰਨਜੀਤ ਕੌਰ ਚੌਹਾਨ, ਡਾ ਗਗਨਪ੍ਰੀਤ ਕੌਰ, ਹਰਵਿੰਦਰ ਸਿੰਘ ਵੀ ਹਾਜਰ ਸਨ।

ਤੀਸਰੇ ਦਿਨ ਦੇ ਨਤੀਜੇ ਇਸ ਪ੍ਰਕਾਰ ਰਹੇ: ਮਲਵਈ ਗਿੱਧਾ ਵਿੱਚ ਦਿ ਰੋਇਲ ਗਰੁੱਪ ਆਫ ਬੋੜਾਵਾਲ ਨੇ ਪਹਿਲਾ, ਟੀ.ਪੀ ਡੀ. ਮਾਲਵਾ ਕਾਲਜ ਰਾਮਪੁਰਾਫੂਲ ਨੇ ਦੂਜਾ ਸਥਾਨ ਹਾਸਲ ਕੀਤਾ।ਕਲੀ ਗਾਇਨ ਵਿਚ ਗੁਰੂ ਨਾਨਕ ਕਾਲਜ ਬੁਢਲਾਡਾ ਨੇ ਪਹਿਲਾ, ਐਸ.ਡੀ. ਕਾਲਜ ਬਰਨਾਲਾ ਨੇ ਦੂਜਾ, ਮਾਤਾ ਸੁੰਦਰੀ ਯੂਨੀਵਰਸਿਟੀ ਕਾਲਜ ਮ... ਨੇ ਤੀਜਾ ਸਥਾਨ ਹਾਸਲ ਕੀਤਾ। ਨਾਟਕ ਵਿਚ ਟੀ.ਪੀ.ਡੀ. ਕਾਲਜ ਰਾਮਪੁਰਾ ਫੂਲ ਨੇ ਪਹਿਲਾ, ਨਹਿਰੂ ਮੈਮੋਰੀਅਲ ਕਾਲਜ ਮਾਨਸਾ ਨੇ ਦੂਜਾ, ਮਾਤਾ ਸੁੰਦਰੀ ਯੂਨੀਵਰਸਿਟੀ ਕਾਲਜ ਮਾਨਸਾ ਨੇ ਤੀਜਾ ਸਥਾਨ ਹਾਸਲ ਕੀਤਾ।ਵਾਰ ਗਾਇਨ ਵਿਚ ਗੁਰੂ ਨਾਨਕ ਕਾਲਜ ਬੁਢਲਾਡਾ ਨੇ ਪਹਿਲਾ, ਐਸਡੀ ਕਾਲਜ ਬਰਨਾਲਾ ਨੇ ਦੂਜਾ, ਮਾਤਾ ਸੁੰਦਰੀ ਯੂਨੀਵਰਸਿਟੀ ਕਾਲਜ ਨੇ ਤੀਜਾ ਸਥਾਨ ਹਾਸਲ ਕੀਤਾ। ਲੁੱਡੀ ਲੜਕੇ ਵਿਚ ਦਿ ਰੋਇਲ ਗਰੁੱਪ ਆਫ ਕਾਲਜਿਜ਼ ਬੋੜਾਵਾਲ ਨੇ ਬਾਜ਼ੀ ਮਾਰੀ। ਭੰਡ ਵਿਚ ਜਸਮੇਲ ਸਿੰਘ ਜੋਜੀ ਕਾਲਜ ਗੁਰਨੇ ਕਲਾਂ ਨੇ ਪਹਿਲਾ, ਪੰਜਾਬੀ ਯੂਨੀਵਰਸਿਟੀ ਟੀ.ਪੀ. ਡੀ.ਕਾਲਜ ਰਾਮਪੁਰਾਫੂਲ ਨੇ ਦੂਜਾ, ਗੁਰੂ ਨਾਨਕ ਕਾਲਜ ਬੁਢਲਾਡਾ ਨੇ ਤੀਜਾ ਸਥਾਨ ਹਾਸਲ ਕੀਤਾ।ਰਵਾਇਤੀ ਲੋਕ ਗੀਤ ਵਿਚ ਮਾਤਾ ਸੁੰਦਰੀ ਯੂਨੀਵਰਸਿਟੀ ਕਾਲਜ ਮਾਨਸਾ ਨੇ ਪਹਿਲਾ, ਗੁਰੂ ਨਾਨਕ ਕਾਲਜ ਬੁਢਲਾਡਾ ਨੇ ਦੂਜਾ, ਐਸ.ਡੀ. ਐਜੂਕੇਸ਼ਨ ਕਾਲਜ ਬਰਨਾਲਾ ਨੇ ਤੀਜਾ ਸਥਾਨ ਹਾਸਲ ਕੀਤਾ।ਕਵੀਸ਼ਰੀ ਗਾਇਨ ਵਿੱਚ ਗੁਰੂ ਨਾਨਕ ਕਾਲਜ ਬੁਢਲਾਡਾ ਨੇ ਪਹਿਲਾ, ਮਾਤਾ ਸੁੰਦਰੀ ... ਨੇ ਦੂਜਾ, ਐਸ.ਡੀ. ਕਾਲਜ ਬਰਨਾਲਾ ਨੇ ਤੀਜਾ ਸਥਾਨ ਹਾਸਲ ਕੀਤਾ।ਭਾਸ਼ਣ ਵਿਚ ਐਸ.ਡੀ. ਕਾਲਜ ਬਰਨਾਲਾ ਨੇ ਪਹਿਲਾ, ਬਲਰਾਜ ਸਿੰਘ ਭੂੰਦੜ ਮੈਮੋਰੀਅਲ ਯੂਨੀਵਰਸਿਟੀ ਕਾਲਜ ਸਰਦੂਲਗੜ੍ਹ ਨੇ ਦੂਜਾ, ਯੂਨੀਵਰਸਿਟੀ ਕਾਲਜ ਢਿਲਵਾਂ ਨੇ ਤੀਜਾ ਸਥਾਨ ਹਾਸਲ ਕੀਤਾ। ਲੁੱਡੀ ਲੜਕੀਆਂ ਵਿੱਚ ਦਿ ਰੋਇਲ ਗਰੁੱਪ ਆਫ ਕਾਲਜਿਜ਼ ਬੋੜਾਵਾਲ ਨੇ ਪਹਿਲਾ, ਐੱਲਬੀਐੱਸ ਆਰੀਆ ਮਹਿਲਾ ਕਾਲਜ ਬਰਨਾਲਾ ਨੇ ਦੂਜਾ ਸਥਾਨ ਹਾਸਲ ਕੀਤਾ। ਉਚਾਰਨ ਕਾਵਿ ਪ੍ਰਤੀਯੋਗਿਤਾ ਵਿੱਚ ਐਸ. ਡੀ. ਕੰਨਿਆ ਮਹਾਂ ਵਿਦਿਆਲਿਆ ਮਾਨਸਾ ਨੇ ਪਹਿਲਾ, ਦਿ ਰੋਇਲ ਗਰੁੱਪ ਆਫ ਕਾਲਜਿਜ਼ ਬੋੜਾਵਾਲ ਨੇ ਦੂਜਾ, ਭਾਈ ਬਹਿਲੋ ਖਾਲਸਾ ਗਰਲਜ਼ ਕਾਲਜ ਫੱਫੜੇ ਭਾਈਕੇ ਨੇ ਤੀਜਾ ਸਥਾਨ ਹਾਸਲ ਕੀਤਾ। ਰਵਾਇਤੀ ਪਹਿਰਾਵਾ ਵਿੱਚ ਯੂਨੀਵਰਸਿਟੀ ਕਾਲਜ ਬਹਾਦਰਪੁਰ ਬਰੇਟਾ ਨੇ ਪਹਿਲਾ, ਐੱਲਬੀਐੱਸ ਆਰਿਆ ਮਹਿਲਾ ਕਾਲਜ ਬਰਨਾਲਾ ਨੇ ਦੂਜਾ, ਗੁਰੂ ਨਾਨਕ ਕਾਲਜ ਬੁਢਲਾਡਾ ਨੇ ਤੀਜਾ ਸਥਾਨ ਹਾਸਲ ਕੀਤਾ। ਸੰਮੀ ਵਿਚ ਐੱਲਬੀਐੱਸ ਆਰੀਆ ਮਹਿਲਾ ਕਾਲਜ ਬਰਨਾਲਾ ਨੇ ਬਾਜ਼ੀ ਮਾਰੀ।

# ..ਮ ਈਟੀ ਵਿਸ਼ੇ 'ਤੇ ਇਕ ਰੋਜ਼ਾ ਨੈਸ਼ਨਲ ਵਰਕਸ਼ਾਪ ਲਾਈ

29/10/19 ਜਗਬਾਣੀ

**ਸੁੱਖੀ ਮਾਨ, ਤਲਵੰਡੀ ਸਾਬੋ :**

ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਦੇ ਕੰਪਿਊਟਰ ਵਿਭਾਗ ਵੱਲੋਂ 'ਕਰੰਟ ਅਤੇ ਪਰੋਸਪੈਕਟਿਵ ਟੈਕਨੀਕੈਲਟੀਜ਼ ਐਂਡ ਇਨੋਵੇਸ਼ਨ ਇਨ ਆਈਟੀ' ਵਿਸ਼ੇ 'ਤੇ ਇੱਕ ਰੋਜ਼ਾ ਨੈਸ਼ਨਲ ਵਰਕਸ਼ਾਪ ਕਰਵਾਈ ਗਈ, ਜਿਸ ਦੌਰਾਨ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕਾਲਜ ਦਮਦਮਾ ਸਾਹਿਬ ਤੋਂ ਡਾ. ਗਗਨਦੀਪ ਜਗਦੇਵ ਕੰਪਿਊਟਰ ਵਿਭਾਗ ਨੇ ਮੁੱਖ ਬੁਲਾਰੇ ਵਜੋਂ ਸ਼ਮੂਲੀਅਤ ਕਰਕੇ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕੀਤੇ। ਵਰਕਸ਼ਾਪ ਵਿੱਚ ਕਾਲਜ ਦੇ ਕੰਪਿਊਟਰ ਕੋਰਸ ਦੇ ਸਾਰੇ ਵਿਦਿਆਰਥੀਆਂ ਨੇ ਹਿੱਸਾ ਲਿਆ। ਵਰਕਸ਼ਾਪ ਦੀ ਸ਼ੁਰੂਆਤ 'ਤੇ ਪ੍ਰਬੰਧਕ ਪ੍ਰੋ. ਨਮਨ ਬਾਂਸਲ ਨੇ ਆਏ ਮੁੱਖ ਮਹਿਮਾਨ ਦਾ ਸਵਾਗਤ ਕੀਤਾ ਅਤੇ ਇਸ ਉਪਰੰਤ ਡਾ. ਗਗਨਦੀਪ ਜਗਦੇਵ ਵੱਲੋਂ ਵਰਕਸ਼ਾਪ ਦੇ ਵਿਸ਼ੇ 'ਤੇ ਵਿਸਥਾਰ ਪੂਰਵਕ ਚਾਨਣਾ ਪਾਇਆ ਗਿਆ। ਉਕਤ ਵਿਸ਼ੇ ਸਬੰਧੀ ਮੌਜੂਦ ਵਿਦਿਆਰਥੀਆਂ ਨੇ ਪ੍ਰਸ਼ਨ ਵੀ ਪੁੱਛੇ ਅਤੇ ਬਹੁਤ ਦਿਲਚਸਪੀ ਨਾਲ ਵਰਕਸ਼ਾਪ ਵਿੱਚ ਹਿੱਸਾ ਲਿਆ। ਵਰਕਸ਼ਾਪ ਦੀ ਸਮਾਪਤੀ 'ਤੇ ਪ੍ਰਬੰਧਕ ਪ੍ਰੋ. ਨਮਨ ਬਾਂਸਲ ਨੇ ਆਏ ਡਾ. ਗਗਨਦੀਪ ਜਗਦੇਵ ਦਾ ਧੰਨਵਾਦ ਕੀਤਾ ਅਤੇ ਕਾਲਜ ਦੀ ਪ੍ਰਿੰਸੀਪਲ ਡਾ. ਸੁਪਨਦੀਪ ਕੌਰ ਵੱਲੋਂ ਮੁੱਖ ਬੁਲਾਰੇ ਦਾ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ। ਇਸ ਮੌਕੇ ਕਾਲਜ ਦੀ ਫੈਕਲਟੀ ਮੈਂਬਰ ਪ੍ਰੋ.ਵਿਕੇਸ਼ ਬਾਂਸਲ, ਪ੍ਰੋ.ਪ੍ਰਿਆ ਗੁਪਤਾ, ਪ੍ਰੋ.ਸ਼ਮਨੀਤ ਕੁਮਾਰੀ, ਪ੍ਰੋ.ਅਮਨਦੀਪ ਸਿੰਘ, ਪ੍ਰੋ.ਗਗਨਦੀਪ ਗਰਗ, ਪ੍ਰੋ.ਸੀਮਾ ਜਿੰਦਲ ਅਤੇ ਪ੍ਰੋ.ਚਰਨਜੀਤ ਕੌਰ ਮੌਜੂਦ ਸਨ।



ਮੁੱਖ ਬੁਲਾਰੇ ਨੂੰ ਸਨਮਾਨਿਤ ਕਰਦੇ ਹੋਏ ਪ੍ਰਬੰਧਕ।

Scanned with CamScanner

# ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਤੇ ਸਮਾਜ 'ਚ ਏਕਤਾ ਬਰਕਰਾਰ ਰੱਖਣਾ ਜ਼ਰੂਰੀ- ਡਿਪਟੀ ਕਮਿਸ਼ਨਰ

## ਏਕਤਾ, ਅਖੰਡਤਾ ਅਤੇ ਸੁਰੱਖਿਆ ਨੂੰ ਕਾਇਮ ਰੱਖਣ

ਮਾਨਸਾ, 31 ਅਕਤੂਬਰ (ਗੁਰਚੇਤ ਸਿੰਘ ਫੱਤੇਵਾਲੀਆ/ਬਲਵਿੰਦਰ ਸਿੰਘ ਧਾਲੀਵਾਲ)-ਰਾਸ਼ਟਰੀ ਏਕਤਾ ਦਿਵਸ ਮੌਕੇ ਸਰਦਾਰ ਵੱਲਭ ਭਾਈ ਪਟੇਲ ਦੇ ਉਦੇਸ਼ਾਂ ਨੂੰ ਯਾਦ ਕਰਦੇ ਹੋਏ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ/ਕੰਰਮਚਾਰੀਆਂ ਨੂੰ ਰਾਸ਼ਟਰ ਦੀ ਏਕਤਾ, ਅਖੰਡਤਾ ਅਤੇ ਸੁਰੱਖਿਆ ਨੂੰ ਬਰਕਰਾਰ ਰੱਖਣ ਲਈ ਖ਼ੁਦ ਨੂੰ ਸਮਰਪਿਤ ਕਰਨ ਦੀ ਸਹੁੰ ਚੁਕਾਈ ਗਈ। ਡਿਪਟੀ ਕਮਿਸ਼ਨਰ ਅਪਨੀਤ ਰਿਆਤ ਨੇ ਅਧਿਕਾਰੀਆਂ/ਕਰਮਚਾਰੀਆਂ ਨੂੰ ਆਪਣੇ ਮਨਾਂ ਅੰਦਰ ਦੇਸ਼ ਦੀ ਏਕਤਾ ਦੀ ਭਾਵਨਾ ਪਰਪੱਕ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਾਨੂੰ ਸਭ ਨੂੰ ਮਿਲ ਕੇ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਅਤੇ ਸਮਾਜ 'ਚ ਏਕਤਾ ਬਰਕਰਾਰ ਰੱਖਣ ਲਈ ਇੱਕਜੁੱਟ ਹੋ ਕੇ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਦੇਸ਼ ਦੀ ਏਕਤਾ, ਅਖੰਡਤਾ ਅਤੇ ਸੁਰੱਖਿਆ ਨੂੰ ਬਰਕਰਾਰ ਰੱਖਿਆ ਜਾ ਸਕੇ। ਇਸ ਮੌਕੇ ਦੇਸ਼ ਦੀ ਏਕਤਾ, ਅਖੰਡਤਾ ਅਤੇ ਸੁਰੱਖਿਆ ਨੂੰ ਬਣਾਏ ਰੱਖਣ ਦੇ ਮੰਤਵ ਨਾਲ ਲੋਕਾਂ ਨੂੰ ਜਾਗਰੂਕ ਕਰਨ ਲਈ ਅੱਜ ਤਿੰਨ ਕੋਣੀ ਚੌਕ ਤੋਂ ਸਟੇਸ਼ਨ ਤੱਕ 'ਏਕਤਾ ਲਈ ਦੌੜ ਵੀ ਲਗਵਾਈ ਗਈ, ਜਿਸ ਨੂੰ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਰਘਬੀਰ ਸਿੰਘ ਮਾਨ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੇਸ਼ ਤ੍ਰਿਪਾਠੀ, ਸਹਾਇਕ ਕਮਿਸ਼ਨਰ (ਜ) ਨਵਦੀਪ ਕੁਮਾਰ ਆਦਿ ਹਾਜ਼ਰ ਸਨ।



ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ ਵਿਖੇ ਸਹੁੰ ਚੁੱਕਦੇ ਹੋਏ ਅਧਿਆਪਕ ਤੇ ਵਲੰਟੀਅਰ। *ਤਸਵੀਰ : ਸੇਮੀ ਮਾਨਸਾ*

### ਨਹਿਰੂ ਕਾਲਜ 'ਚ ਰਾਸ਼ਟਰੀ ਏਕਤਾ ਦਿਵਸ ਮਨਾਇਆ

ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਸ: ਵੱਲਭ ਭਾਈ ਪਟੇਲ ਦੇ ਜਨਮ ਦਿਵਸ ਨੂੰ ਰਾਸ਼ਟਰੀ ਏਕਤਾ ਦਿਵਸ ਦੇ ਰੂਪ ਵਿਚ ਮਨਾਇਆ ਗਿਆ। ਐਨ.ਐਸ.ਐਸ. ਵਿਭਾਗ ਦੇ ਮੁਖੀ ਅਤੇ ਪ੍ਰੋਗਰਾਮ ਅਫ਼ਸਰ ਪ੍ਰੋ: ਰਾਵਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਅੰਗਰੇਜ਼ੀ ਹਕੂਮਤ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ। ਇਸ ਮੌਕੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਵਲੋਂ ਰਾਸ਼ਟਰੀ ਏਕਤਾ ਅਤੇ ਅਖੰਡਤਾ ਪ੍ਰਤੀ ਵਚਨਬੱਧ ਰਹਿਣ ਦੀ ਸਹੁੰ ਵੀ ਚੁੱਕੀ ਗਈ। ਸੰਬੋਧਨ ਤੇ ਸ਼ਾਮਿਲ ਹੋਣ ਵਾਲਿਆਂ 'ਚ ਪ੍ਰੋ: ਸੁਮਨਦੀਪ ਕੌਰ, ਪ੍ਰੋ: ਸੀਮਾ ਜਿੰਦਲ, ਪ੍ਰੋ: ਅੰਬੇਸ਼ ਭਾਰਦਵਾਜ, ਪ੍ਰੋ: ਅਵਿਨਾਸ਼ ਕੁਮਾਰ, ਪ੍ਰੋ: ਕੁਲਦੀਪ ਸਿੰਘ ਢਿੱਲੋਂ, ਪ੍ਰੋ: ਕੁਲਦੀਪ ਚੌਹਾਨ, ਪ੍ਰੋ: ਅਜਮੀਤ ਕੌਰ, ਪ੍ਰੋ: ਹਰਵਿੰਦਰ ਕੌਰ, ਪ੍ਰੋ: ਸਿੰਪਲ ਬਾਂਸਲ, ਪ੍ਰੋ: ਲੋਕੇਸ਼ ਕੁਮਾਰ ਆਦਿ ਹਾਜ਼ਰ ਸਨ।

1/11/2018

Scanned with CamScanner

26 ਜਨਵਰੀ 2019, ਅਜੀਤ

# ਮਿਹਨਤ ਤੇ ਜਜ਼ਬੇ ਨਾਲ ਹਰ ਮੰਜ਼ਿਲ ਨੂੰ ਪਾਇਆ ਜਾ ਸਕਦੈ-ਪ੍ਰੋ: ਹਰਜੀਤ ਕੌਰ

ਮਾਨਸਾ, 25 ਜਨਵਰੀ (ਬਲਵਿੰਦਰ ਸਿੰਘ ਧਾਲੀਵਾਲ)- ਮਨੁੱਖ ਮਿਹਨਤ ਤੇ ਜਜ਼ਬੇ ਨਾਲ ਹਰ ਮੰਜ਼ਿਲ ਨੂੰ ਸਹਿਜ ਨਾਲ ਪਾ ਸਕਦਾ ਹੈ। ਇਹ ਪ੍ਰਗਟਾਵਾ ਡਾ: ਸਾਧੂ ਸਿੰਘ ਹਮਦਰਦ ਵਿਰਾਸਤੀ ਮੇਲੇ 'ਚੋਂ 'ਪੰਜਾਬਣ ਮੁਟਿਆਰ-2018' ਦਾ ਖ਼ਿਤਾਬ ਜੇਤੂ ਅਤੇ ਅਨੇਕਾਂ ਪੁਰਸਕਾਰ ਝੋਲੀ ਪਵਾਉਣ ਵਾਲੀ ਅਤੇ ਗੁਰੂ ਨਾਨਕ ਕਾਲਜ ਬੁਢਲਾਡਾ ਦੀ ਫ਼ੈਸ਼ਨ ਤਕਨਾਲੋਜੀ ਵਿਭਾਗ ਦੀ ਪ੍ਰੋ: ਹਰਜੀਤ ਕੌਰ ਨੇ ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਐਨ.ਐਨ.ਐਸ. ਕੈਂਪ ਦਾ ਉਦਘਾਟਨ ਕਰਨ ਉਪਰੰਤ ਵਲੰਟੀਅਰਾਂ ਦੇ ਰੂ-ਬਰੂ ਹੁੰਦਿਆਂ ਕੀਤਾ। ਉਨ੍ਹਾਂ ਆਪਣੀਆਂ ਪ੍ਰਾਪਤੀਆਂ ਬਾਰੇ ਦੱਸਦਿਆਂ ਕਿਹਾ ਕਿ ਅਜਿਹੇ ਕੈਂਪ ਹੀ ਨੌਜਵਾਨਾਂ ਦੀ ਸ਼ਖ਼ਸੀਅਤ ਨੂੰ ਉਸਾਰਨ ਅਤੇ ਨਿਖਾਰਨ ਵਿਚ ਵੱਡਾ ਯੋਗਦਾਨ ਪਾਉਂਦੇ ਹਨ। ਮੈਂ ਹਾਲੇ ਮੁਕਾਮ ਭਾਵੇਂ ਹਾਸਲ ਕਰਨਾ ਹੈ, ਪਰ ਅੱਜ ਤੱਕ ਦੀਆਂ ਜੋ ਵੀ ਪ੍ਰਾਪਤੀਆਂ ਹਨ, ਉਹ ਇਨ੍ਹਾਂ ਕੈਂਪਾਂ ਸਦਕਾ ਹੀ ਹਨ। ਪ੍ਰੋ: ਹਰਜੀਤ ਕੌਰ ਨੇ ਵਲੰਟੀਅਰਾਂ ਨੂੰ ਪੰਜਾਬੀ ਬੋਲੀ, ਸੱਭਿਆਚਾਰ ਅਤੇ ਪਹਿਰਾਵੇ ਨੂੰ ਆਪਣਾ ਪੱਕੇ ਤੌਰ 'ਤੇ ਹਿੱਸਾ ਬਣਾਉਣ ਦੀ ਪ੍ਰੇਰਨਾ ਦਿੰਦਿਆਂ ਕਿਹਾ ਕਿ ਭਾਸ਼ਾਵਾਂ ਜਿੰਨੀਆਂ ਵੀ ਸਿੱਖੀਆਂ ਜਾਣ ਉਹ ਘੱਟ ਹਨ, ਪਰ ਆਪਣੀ ਮਾਤ ਭਾਸ਼ਾ ਅਤੇ ਵਿਰਸੇ ਨੂੰ ਨਹੀਂ ਭੁੱਲਣਾ ਚਾਹੀਦਾ। ਉਨ੍ਹਾਂ ਵਿਦਿਆਰਥਣਾਂ ਨੂੰ ਪੰਜਾਬੀ ਸੱਭਿਆਚਾਰ ਪਿੜ ਕਪੂਰਥਲਾ ਵਲੋਂ ਕਰਵਾਏ ਜਾ ਰਹੇ 22ਵੇਂ ਹਮਦਰਦ ਵਿਰਾਸਤੀ ਮੇਲੇ 'ਚ ਭਾਗ ਲੈਣ ਲਈ ਕਿਹਾ। ਐਨ.ਐਨ.ਐੱਸ. ਵਿਭਾਗ ਦੇ ਪ੍ਰੋਗਰਾਮ ਅਫ਼ਸਰ ਪ੍ਰੋ: ਰਾਵਿੰਦਰ ਸਿੰਘ ਨੇ ਦੱਸਿਆ ਕਿ ਸੱਤ ਰੋਜ਼ਾ ਇਸ ਕੈਂਪ 'ਚ ਵਲੰਟੀਅਰਾਂ ਵਲੋਂ ਕਾਲਜ ਕੈਂਪਸ ਦੀ ਸਫ਼ਾਈ ਵੀ ਕੀਤੀ ਜਾਵੇਗੀ। ਇਸ ਮੌਕੇ ਪ੍ਰੋ: ਅਜਮੀਤ ਕੌਰ, ਪ੍ਰੋ: ਗਮਨਦੀਪ ਕੌਰ, ਪ੍ਰੋ: ਕੁਲਦੀਪ ਸਿੰਘ ਢਿੱਲੋਂ, ਪ੍ਰੋ: ਅੰਬੇਸ਼ ਭਾਰਦਵਾਜ, ਪ੍ਰੋ: ਕੁਲਦੀਪ ਸਿੰਘ ਚੌਹਾਨ ਆਦਿ ਹਾਜ਼ਰ ਸਨ।



ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ ਵਿਖੇ ਐਨ.ਐਨ.ਐੱਸ. ਕੈਂਪ ਦੌਰਾਨ ਵਲੰਟੀਅਰਾਂ ਦੇ ਰੂ-ਬਰੂ ਹੁੰਦੇ ਹੋਏ ਪ੍ਰੋ: ਹਰਜੀਤ ਕੌਰ। ਅਜੀਤ ਤਸਵੀਰ

ਅਜੀਤ, 29 ਜਨਵਰੀ 2019



ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ ਵਿਖੇ ਆਇਸਾ ਵਲੋਂ ਕਰਵਾਈ ਕਨਵੈਂਨਸ਼ਨ ਨੂੰ ਸੰਬੋਧਨ ਕਰਦਾ ਹੋਇਆ ਡਾ: ਬਿਕਰਜੀਤ ਸਿੰਘ ਸਾਧੂਵਾਲਾ। ਅਜੀਤ ਤਸਵੀਰਾਂ

# ਆਇਸਾ ਨੇ ਯੰਗ ਇੰਡੀਆ ਅਧਿਕਾਰ ਮਾਰਚ ਤਹਿਤ ਕਨਵੈਂਨਸ਼ਨ ਕਰਵਾਈ

ਮਾਨਸਾ, 28 ਜਨਵਰੀ (ਗੁਰਚੇਤ ਸਿੰਘ ਫੱਤੇਵਾਲੀਆ)-ਯੰਗ ਇੰਡੀਆ ਅਧਿਕਾਰ ਮਾਰਚ ਤਹਿਤ ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਇਸਾ) ਤੇ ਇਨਕਲਾਬੀ ਨੌਜਵਾਨ ਸਭਾ ਵਲੋਂ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ ਵਿਖੇ ਆਇਸਾ ਦੇ ਕੌਮੀ ਮੀਤ ਪ੍ਰਧਾਨ ਫਰਹਾਨ ਅਹਿਮਦ, ਪੀ.ਆਰ.ਐਸ.ਯੂ. ਦੇ ਪ੍ਰਧਾਨ ਰੁਸ਼ਪਿੰਦਰ ਜਿੰਮੀ, ਇਨਕਲਾਬੀ ਨੌਜਵਾਨ ਸਭਾ ਦੇ ਆਗੂ ਗੁਰਪਿਆਰ ਗੇਹਲੇ, ਆਇਸਾ ਆਗੂ ਰੀਤੂ ਕੌਰ ਦੀ ਪ੍ਰਧਾਨਗੀ ਹੇਠ ਕਨਵੈਂਨਸ਼ਨ ਕੀਤੀ ਗਈ, ਜਿਸ ਵਿਚ ਡਾ: ਬਿਕਰਜੀਤ ਸਿੰਘ ਸਾਧੂਵਾਲਾ ਨੇ ਮੁੱਖ ਬੁਲਾਰੇ ਵਜੋਂ ਸਿਰਕਤ ਕੀਤੀ। ਨਵੇਂ ਸਕੂਲ, ਕਾਲਜ ਅਤੇ ਯੂਨੀਵਰਸਿਟੀ ਖੋਲ੍ਹਣ ਦੇ ਥਾਂ ਉਲਟਾ ਵਿੱਦਿਅਕ ਸੰਸਥਾਵਾਂ ਨੂੰ ਬੰਦ ਕਰਵਾਇਆ ਜਾ ਰਿਹਾ ਹੈ ਅਤੇ ਜਮਹੂਰੀ ਆਵਾਜ਼ ਬੁਲੰਦ ਕਰਨ ਵਾਲੀਆਂ ਸੰਸਥਾਵਾਂ ਨੂੰ ਦੇਸ਼ਧ੍ਰੋਹੀ ਕਰਾਰ ਦਿੱਤਾ ਜਾ ਰਿਹਾ ਹੈ। ਆਇਸਾ ਦੇ ਕੌਮੀ ਮੀਤ ਪ੍ਰਧਾਨ ਫਰਹਾਨ ਅਹਿਮਦ ਨੇ ਕਿਹਾ ਕਿ ਮੋਦੀ ਸਰਕਾਰ 2 ਕਰੋੜ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੇ ਵਾਅਦੇ ਨਾਲ ਸੱਤਾ ਵਿਚ ਆਈ ਸੀ ਲੇਕਿਨ ਪਿਛਲੇ ਸਾਲ ਵਿਚ 1 ਕਰੋੜ ਤੋਂ ਵੱਧ ਰੁਜ਼ਗਾਰ ਖ਼ਤਮ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਆਜ਼ਾਦੀ ਤੋਂ ਬਾਅਦ ਨੌਜਵਾਨਾਂ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਰੁਜ਼ਗਾਰ ਤੇ ਸਿੱਖਿਆ ਦੀ ਲੜਾਈ ਹੀ ਨਹੀਂ ਖੜ੍ਹੀ ਸਗੋਂ ਦੇਸ਼ ਬਚਾਉਣ ਦੀ ਵੀ ਹੈ। ਉਕਤ ਆਗੂ ਨੇ ਕਿਹਾ ਕਿ ਮੋਦੀ ਸਰਕਾਰ [illegible] ਵਿਦਿਆਰਥੀ ਨੌਜਵਾਨ ਸੰਗਠਨਾਂ ਨੇ ਇੱਕਜੁੱਟ ਹੋ ਕੇ ਕੀਤੇ ਜਾ ਰਹੇ ਯੰਗ ਇੰਡੀਆ ਅਧਿਕਾਰ ਮਾਰਚ 7 ਫਰਵਰੀ ਨੂੰ ਕੱਢਿਆ ਜਾ ਰਿਹਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਇਸ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ। ਪੀ.ਆਰ.ਐਸ.ਯੂ. ਦੇ ਆਗੂ ਰੁਸ਼ਪਿੰਦਰ ਸਿੰਘ ਜਿੰਮੀ ਅਤੇ ਇਨਕਲਾਬੀ ਨੌਜਵਾਨ ਸਭਾ ਦੇ ਆਗੂ ਬਿੰਦਰ ਅਲਖ ਨੇ ਵੀ ਸੰਬੋਧਨ ਕੀਤਾ। ਸਟੇਜ ਸੰਚਾਲਨ ਪ੍ਰਦੀਪ ਗੁਰੂ ਨੇ ਕੀਤਾ। ਇਸ ਮੌਕੇ ਆਇਸਾ ਆਗੂ ਸੁਖਜੀਤ ਰਾਮਾਂਨੰਦੀ, ਮਨਿੰਦਰ ਬੁਢਲਾਡਾ, ਸੁੱਖੀ ਬੁਢਲਾਡਾ, ਸੰਦੀਪ ਮਾਨਸਾ ਆਦਿ ਹਾਜ਼ਰ ਸਨ।

## ਜ਼ਿਲ੍ਹਾ ਕਮੇਟੀ ਦਾ ਗਠਨ

ਇਸ ਮੌਕੇ ਆਇਸਾ ਦੀ ਜ਼ਿਲ੍ਹਾ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਵਿਚ ਗੁਰਵਿੰਦਰ ਸਿੰਘ ਨੰਦਗੜ੍ਹ ਪ੍ਰਧਾਨ, ਗਗਨਦੀਪ ਭੁਨੀਰ ਮੀਤ ਪ੍ਰਧਾਨ, ਸਰਬਜੀਤ ਕੌਰ ਸਕੱਤਰ, ਲਵਪ੍ਰੀਤ ਬੁਢਲਾਡਾ ਸਹਿ ਸਕੱਤਰ, ਰੀਤੂ ਕੌਰ [illegible]

ਅਜੀਤ 30-1-2019 (30 ਜਨਵਰੀ, 2019)

# ਕੌਮੀ ਸੇਵਾ ਯੋਜਨਾ ਕੈਂਪ ਨੌਜਵਾਨਾਂ ਦੀ ਸ਼ਖ਼ਸੀਅਤ ਨਿਖਾਰਨ 'ਚ ਹੁੰਦੇ ਨੇ ਸਹਾਈ- ਰਘਬੀਰ ਸਿੰਘ ਮਾਨ

ਮਾਨਸਾ, 29 ਜਨਵਰੀ (ਬਲਵਿੰਦਰ ਸਿੰਘ ਧਾਲੀਵਾਲ)-ਕੌਮੀ ਸੇਵਾ ਯੋਜਨਾ ਕੈਂਪ ਨੌਜਵਾਨਾਂ ਦੀ ਸ਼ਖ਼ਸੀਅਤ ਨਿਖਾਰਨ ਦੇ ਨਾਲ ਹੀ ਉਨ੍ਹਾਂ 'ਚ ਸਮਾਜ ਭਲਾਈ ਦਾ ਜਜ਼ਬਾ ਵੀ ਭਰਦੇ ਹਨ। ਇਹ ਪ੍ਰਗਟਾਵਾ ਰਘਬੀਰ ਸਿੰਘ ਮਾਨ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਨੇ ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਐਨ.ਐਸ.ਐਸ. ਕੈਂਪ ਦੌਰਾਨ ਵਲੰਟੀਅਰਾਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਐਨ.ਐਸ.ਐਸ. ਖੇਤਰ ਨਾਲ ਜੁੜ ਕੇ ਮਿਲਣ ਵਾਲੇ ਲਾਭਾਂ ਅਤੇ ਐਵਾਰਡਾਂ ਬਾਰੇ ਵਿਸਥਾਰਪੂਰਵਕ ਦੱਸਿਆ। ਰਜਿੰਦਰ ਕੁਮਾਰ ਕੌਂਸਲਰ ਜ਼ਿਲ੍ਹਾ ਬਾਲ ਵਿਕਾਸ ਤੇ ਭਲਾਈ ਵਿਭਾਗ ਨੇ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਉਹ ਸਮਾਜ 'ਚ ਫੈਲੀਆਂ ਅਲਾਮਤਾਂ ਖ਼ਿਲਾਫ਼ ਡਟ ਕੇ ਆਵਾਜ਼ ਬੁਲੰਦ ਕਰਨ। ਉਨ੍ਹਾਂ ਬਾਲ ਵਿਆਹ, ਬਾਲ ਮਜ਼ਦੂਰੀ, ਭਰੂਣ ਹੱਤਿਆ ਆਦਿ ਸਮਾਜਕ ਬੁਰਾਈਆਂ ਖ਼ਿਲਾਫ਼ ਚੇਤਨਾ ਪੈਦਾ ਕਰਨ ਪ੍ਰਤੀ ਪ੍ਰੇਰਿਤ ਕੀਤਾ। ਪ੍ਰੋਗਰਾਮ ਅਫ਼ਸਰ ਪ੍ਰੋ: ਰਵਿੰਦਰ ਸਿੰਘ ਅਤੇ ਪ੍ਰੋ: ਕੁਲਦੀਪ ਸਿੰਘ ਢਿੱਲੋਂ ਲੰਬੇ ਸਮੇਂ ਤੋਂ ਬਾਅਦ ਐਨ.ਐਸ.ਐਸ. ਵਿਭਾਗ ਉਨ੍ਹਾਂ ਨੂੰ ਸੌਂਪੇ ਜਾਣ 'ਤੇ ਇਹ ਕੈਂਪ ਲਗਾਇਆ ਗਿਆ ਹੈ, ਜਿਸ ਦੇ ਹਾਂ ਪੱਖੀ ਨਤੀਜੇ ਸਾਹਮਣੇ ਆਏ ਹਨ। ਇਸ ਮੌਕੇ ਪ੍ਰੋ: ਸੁਪਨਦੀਪ ਕੌਰ, ਪ੍ਰੋ: ਅੰਬੇਸ਼ ਭਾਰਦਵਾਜ, ਪ੍ਰੋ: ਅਜਮੀਤ ਕੌਰ, ਪ੍ਰੋ: ਕੁਲਦੀਪ ਚੌਹਾਨ, ਪ੍ਰੋ: ਰਮਨਦੀਪ ਕੌਰ, ਵਲੰਟੀਅਰ ਬੱਬੂ ਸਿੰਘ, ਰਾਧਾ ਸੁਆਮੀ, ਜਸਪ੍ਰੀਤ ਸਿੰਘ, ਜਸਵੀਰ ਸਿੰਘ, ਸੱਤਪਾਲ ਸਿੰਘ, ਗੁਰਜੰਟ ਸਿੰਘ, ਜਸਪ੍ਰੀਤ ਸਿੰਘ ਆਦਿ ਹਾਜ਼ਰ ਸਨ।




ਯੁਵਕ ਸੇਵਾਵਾਂ ਵਿਭਾਗ ਦੇ ਸਹਾਇਕ ਡਾਇਰੈਕਟਰ ਰਘਵੀਰ ਸਿੰਘ ਮਾਨ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਦੇ ਹੋਏ ਕੈਂਪ ਦੇ ਪ੍ਰਬੰਧਕ ਤੇ ਵਲੰਟੀਅਰ। ਅਜੀਤ ਤਸਵੀਰ

2 ਫਰਵਰੀ, 2019, ਅਜੀਤ

# ਐਨ. ਐਸ. ਐਸ. ਕੈਂਪ ਦੌਰਾਨ ਵਲੰਟੀਅਰਾਂ ਨੇ ਕਾਲਜ ਕੈਂਪਸ ਦੀ ਨੁਹਾਰ ਬਦਲੀ

ਮਾਨਸਾ, 1 ਫਰਵਰੀ (ਬਲਵਿੰਦਰ ਸਿੰਘ ਧਾਲੀਵਾਲ)- ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਸੱਤ ਰੋਜ਼ਾ ਐਨ.ਐਸ.ਐਸ. ਕੈਂਪ ਦੌਰਾਨ ਵਲੰਟੀਅਰਾਂ ਨੇ ਕਾਲਜ ਕੈਂਪਸ ਦੀ ਨੁਹਾਰ ਬਦਲ ਦਿੱਤੀ ਹੈ। ਵਲੰਟੀਅਰਾਂ ਵਲੋਂ ਨਵੇਂ ਪਾਰਕਾਂ ਦਾ ਨਿਰਮਾਣ ਕੀਤਾ ਗਿਆ ਤੇ ਕਿਆਰੀਆਂ ਬਣਾ ਕੇ ਵੰਨ-ਸਵੰਨੇ ਫੁੱਲ-ਬੂਟੇ ਵੀ ਲਗਾਏ ਗਏ। ਇਮਾਰਤ ਦੇ ਪਿਛਲੇ ਹਿੱਸੇ ਵਿਚ ਲੱਗੇ ਗੰਦਗੀ ਤੇ ਰਹਿੰਦ-ਖੂਹਿੰਦ ਦੇ ਢੇਰਾਂ ਨੂੰ ਸਾਫ਼ ਕਰ ਕੇ ਰਸਤਾ ਪੱਧਰ ਕੀਤਾ ਗਿਆ। ਬਾਹਰੀ ਚਾਰ-ਦੀਵਾਰੀ ਦੇ ਆਲੇ-ਦੁਆਲੇ ਦੀ ਸਫ਼ਾਈ ਕਰਕੇ ਭਰਤ ਵੀ ਪਾਈ ਗਈ। ਕੈਂਪ ਦਾ ਉਦਘਾਟਨ ਹਮਦਰਦ ਵਿਰਾਸਤੀ ਮੇਲੇ 'ਚੋਂ ਪੰਜਾਬਣ ਮੁਟਿਆਰ ਦਾ ਖ਼ਿਤਾਬ ਜੇਤੂ ਪ੍ਰੋ: ਹਰਜੀਤ ਕੌਰ ਨੇ ਕੀਤਾ ਸੀ ਜਦਕਿ ਸਮਾਪਤੀ ਮੌਕੇ ਗੁਰਚਰਨ ਸਿੰਘ ਸਮਾਘ ਸੇਵਾ ਮੁਕਤ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਨੇ ਵਿਦਿਆਰਥੀਆਂ ਦੇ ਰੂ-ਬਰੂ ਹੋਏ। ਗੁਰਬਚਨ ਸਿੰਘ ਸਮਾਘ ਨੇ ਕਿਹਾ ਕਿ ਅਜਿਹੇ ਕੈਂਪ ਨੌਜਵਾਨਾਂ ਦੀ ਸ਼ਖ਼ਸੀਅਤ ਤੇ ਬਹੁਪੱਖੀ ਵਿਕਾਸ ਲਈ ਲਾਹੇਵੰਦ ਸਾਬਤ ਹੁੰਦੇ ਹਨ। ਪ੍ਰਿੰਸੀਪਲ ਜੋਯਤੀ ਪ੍ਰਕਾਸ਼ ਨੇ ਕਿਹਾ ਕਿ ਐਨ.ਐਸ.ਐਸ. ਵਿਭਾਗ ਦੀਆਂ ਗਤੀਵਿਧੀਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਹਰ ਸੰਭਵ ਸਹਾਇਤਾ ਕਰਨਗੇ। ਪ੍ਰੋਗਰਾਮ ਅਫ਼ਸਰ ਪ੍ਰੋ. ਰਾਵਿੰਦਰ ਸਿੰਘ ਨੇ ਦੱਸਿਆ ਕਿ ਸੱਤ ਰੋਜ਼ਾ ਕੈਂਪ ਵਿਚ ਜਿਥੇ ਸਮਾਜਿਕ ਲਾਹਨਤਾਂ ਖ਼ਿਲਾਫ਼ ਲੈਕਚਰ ਕਰਵਾ ਕੇ ਵਲੰਟੀਅਰਾਂ ਨੂੰ ਜਾਗਰੂਕ ਕੀਤਾ ਗਿਆ ਉਥੇ ਇਹ ਸੁਨੇਹਾ ਸਮਾਜ ਤੱਕ ਪਹੁੰਚਾਉਣ ਲਈ ਰੈਲੀਆਂ ਵੀ ਕੀਤੀਆਂ ਗਈਆਂ। ਚੰਗੀ ਕਾਰਗੁਜ਼ਾਰੀ ਵਾਲੇ ਸੁਖਵਿੰਦਰ ਸਿੰਘ, ਜਸਵੀਰ ਸਿੰਘ, ਗੁਰਪ੍ਰੀਤ ਕੌਰ ਅਤੇ ਕਿਰਨਦੀਪ ਕੌਰ ਨੂੰ ਸਰਬੋਤਮ ਵਲੰਟੀਅਰ ਐਲਾਨਿਆ ਗਿਆ। ਇਸ ਮੌਕੇ ਵਲੰਟੀਅਰ ਗੁਰਪ੍ਰੀਤ ਰਾਮ, ਹਰਪ੍ਰੀਤ ਕੌਰ, ਕਿਰਨਜੀਤ ਕੌਰ, ਗੁਰਜੰਟ ਸਿੰਘ, ਮਨਯੋਗ ਸਿੰਘ, ਅਮ੍ਰਿਤਪਾਲ ਸਿੰਘ, ਸੋਨਾ ਰਾਣੀ, ਬੱਬੂ ਸਿੰਘ, ਤਰਲੋਕ ਚੰਦ, ਰਾਧਾ ਸੁਆਮੀ, ਜਸਪ੍ਰੀਤ ਸਿੰਘ ਆਦਿ ਨੇ ਕਵਿਤਾਵਾਂ, ਕਵਿਸ਼ਰੀ, ਗੀਤ ਤੇ ਗ਼ਜ਼ਲਾਂ ਦੀ ਪੇਸ਼ਕਾਰੀ ਕੀਤੀ। ਇਸ ਮੌਕੇ ਪ੍ਰੋ. ਕੁਲਦੀਪ ਸਿੰਘ ਪ੍ਰੋਗਰਾਮ ਅਫ਼ਸਰ, ਪ੍ਰੋ. ਸੁਪਨਦੀਪ ਕੌਰ, ਪ੍ਰੋ. ਸੀਮਾ ਜਿੰਦਲ, ਪ੍ਰੋ. ਅੰਬੇਸ਼ ਭਾਰਦਵਾਜ, ਪ੍ਰੋ. ਕੁਲਦੀਪ ਚੌਹਾਨ, ਪ੍ਰੋ. ਅਜਮੀਤ ਕੌਰ, ਪ੍ਰੋ. ਰਮਨਦੀਪ ਕੌਰ ਆਦਿ ਹਾਜ਼ਰ ਸਨ।




ਕੈਂਪ ਦੇ ਸਰ[illegible]ਬੋਤਮ ਵਲੰਟੀਅਰ ਨੂੰ ਸਨਮਾਨਿਤ ਕਰਦੇ ਹੋਏ ਗੁਰਚਰਨ [illegible]ਘ ਤੇ ਕਾਲਜ ਪ੍ਰਬੰਧਕ। ਅਜੀਤ ਤਸਵੀਰ

Scanned with CamScanner

ਜੱਗ ਬਾਣੀ 15/3/2019

# 'ਵੈੱਬ ਡਿਜ਼ਾਈਨਿੰਗ' ਵਿਸ਼ੇ 'ਤੇ ਦੋ ਰੋਜ਼ਾ ਵਰਕਸ਼ਾਪ



ਮੁੱਖ ਮਹਿਮਾਨ ਦਾ ਸਵਾਗਤ ਕਰਦਾ ਕਾਲਜ ਸਟਾਫ। (ਮਿੱਤਲ)

ਮਾਨਸਾ, 14 ਮਾਰਚ (ਮਿੱਤਲ)- ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਦੇ ਕੰਪਿਊਟਰ ਵਿਭਾਗ ਵਲੋਂ ਪ੍ਰਿੰਸੀਪਲ ਜੋਤੀ ਪ੍ਰਕਾਸ਼ ਦੀ ਯੋਗ ਅਗਵਾਈ ਹੇਠ 'ਵੈੱਬ ਡਿਜ਼ਾਈਨਿੰਗ' ਵਿਸ਼ੇ 'ਤੇ ਦੋ ਰੋਜ਼ਾ ਵਰਕਸ਼ਾਪ ਕਰਵਾਈ ਗਈ। ਜਿਸ ਦੌਰਾਨ ਆਊਟ ਡੂ ਸਿਸਟਮ ਵੈੱਬ ਡਿਵੈੱਲਪਮੈਂਟ ਕੰਪਨੀ ਬਠਿੰਡਾ ਤੋਂ ਵੈੱਬ ਡਿਜ਼ਾਈਨਰ ਰਮਨ ਕੁਮਾਰ ਅਤੇ ਸਿਧਾਰਥ ਬੇਦੀ ਨੇ ਮੁੱਖ ਬੁਲਾਰੇ ਵਜੋਂ ਸ਼ਮੂਲੀਅਤ ਕਰਕੇ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕੀਤੇ। ਵਰਕਸ਼ਾਪ ਦੀ ਸ਼ੁਰੂਆਤ 'ਤੇ ਪ੍ਰਬੰਧਕ ਨਮਨ ਬਾਂਸਲ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ। ਜਿਸ ਉਪਰੰਤ ਵੈੱਬ ਡਿਜ਼ਾਈਨਰ ਰਮਨ ਕੁਮਾਰ ਵਲੋਂ ਵਰਕਸ਼ਾਪ ਦੇ ਵਿਸ਼ੇ 'ਤੇ ਵਿਸਥਾਰਪੂਰਵਕ ਚਾਨਣਾ ਪਾਇਆ। ਵਰਕਸ਼ਾਪ ਵਿਚ ਪ੍ਰਸ਼ਨਾਵਲੀ ਰਾਹੀਂ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ। ਵਰਕਸ਼ਾਪ ਦੀ ਸਮਾਪਤੀ 'ਤੇ ਕਾਲਜ ਦੇ ਸਮੂਹ ਸਟਾਫ ਵਲੋਂ ਆਏ ਮੁੱਖ ਮਹਿਮਾਨ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਡਾ. ਸੁਪਨਦੀਪ, ਪ੍ਰੋ. ਸੀਮਾ ਜਿੰਦਲ, ਪ੍ਰੋ. ਰਜਨੀ ਬਾਲਾ, ਸੁਰੇਸ਼ ਕੁਮਾਰ, ਪ੍ਰੋ.ਵਿਕੇਸ਼ ਬਾਂਸਲ, ਪ੍ਰੋ. ਸੁਮਨੀਤ ਕੁਮਾਰੀ, ਪ੍ਰੋ. ਪ੍ਰਿਆ, ਪ੍ਰੋ. ਅਮਨਦੀਪ ਸਿੰਘ, ਪ੍ਰੋ. ਗਗਨਦੀਪ, ਪ੍ਰੋ. ਨੀਤੂ, ਪ੍ਰੋ. ਚਰਨਜੀਤ ਕੌਰ ਆਦਿ ਵੀ ਹਾਜ਼ਰ ਸਨ।

Scanned with CamScanner

... ਪ੍ਰਦਾਨ ਕੀਤਾ ਗਿਆ। ... ਦਿੱਖ ਪਵੇਗਾ।



ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ ਵਿਖੇ ਕਰਵਾਈ ਅਥਲੈਟਿਕ ਮੀਟ 'ਚੋਂ ਚੁਣੇ ਸਰਬੋਤਮ ਖਿਡਾਰੀਆਂ ਨੂੰ ਸਨਮਾਨਿਤ ਕਰਦੇ ਹੋਏ ਪ੍ਰਿੰਸੀਪਲ ਜਯੋਤੀ ਪ੍ਰਕਾਸ਼ ਤੇ ਸਟਾਫ਼ ਮੈਂਬਰ। ਅਜੀਤ ਤਸਵੀਰ

# ਨਹਿਰੂ ਕਾਲਜ ਦੀ ਸਾਲਾਨਾ ਅਥਲੈਟਿਕ ਮੀਟ ਸਮਾਪਤ

## ਲੜਕਿਆਂ 'ਚੋਂ ਗੁਰਜੀਤ ਸਿੰਘ ਤੇ ਲੜਕੀਆਂ 'ਚੋਂ ਬੰਧਨਾ ਰਾਣੀ ਸਰਬੋਤਮ ਐਥਲੀਟ ਚੁਣੇ

ਮਾਨਸਾ, 16 ਮਾਰਚ (ਰਾਵਿੰਦਰ ਸਿੰਘ ਰਵੀ)-ਸਥਾਨਕ ਮੈਮੋਰੀਅਲ ਸਰਕਾਰੀ ਕਾਲਜ ਦੀ ਸਾਲਾਨਾ ਅਥਲੈਟਿਕ ਮੀਟ ਸ਼ਾਨੋ-ਸ਼ੌਕਤ ਨਾਲ ਸਮਾਪਤ ਹੋ ਗਈ। ਕਾਲਜ ਦੇ ਬਹੁਮੰਤਵੀ ਖੇਡ ਸਟੇਡੀਅਮ ਵਿਖੇ ਹੋਏ ਲੜਕਿਆਂ ਦੇ ਖੇਡ ਮੁਕਾਬਲਿਆਂ 'ਚੋਂ ਗੁਰਜੀਤ ਸਿੰਘ ਤੇ ਲੜਕੀਆਂ 'ਚੋਂ ਬੰਧਨਾ ਰਾਣੀ ਸਰਬੋਤਮ ਅਥਲੀਟ ਚੁਣੇ ਗਏ। ਮੁੱਖ ਮਹਿਮਾਨ ਪ੍ਰਿੰਸੀਪਲ ਜਯੋਤੀ ਪ੍ਰਕਾਸ਼ ਸਨ। ਉਨ੍ਹਾਂ ਖਿਡਾਰੀਆਂ ਨੂੰ ਖੇਡ ਭਾਵਨਾਵਾਂ ਨਾਲ ਖੇਡਣ ਦੀ ਅਪੀਲ ਕਰਦਿਆਂ ਕਿਹਾ ਕਿ ਖੇਡਾਂ ਮਨੁੱਖ ਦੇ ਸਰੀਰਕ ਤੇ ਮਾਨਸਿਕ ਵਿਕਾਸ ਲਈ ਬੇਹੱਦ ਜ਼ਰੂਰੀ ਹਨ। ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਪ੍ਰੋ: ਕੁਲਦੀਪ ਸਿੰਘ ਢਿੱਲੋਂ ਨੇ ਕਿਹਾ ਕਿ ਅਜਿਹੇ ਖੇਡ ਮੁਕਾਬਲੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ 'ਚ ਸਹਾਈ ਹੁੰਦੇ ਹਨ। ਇਸ ਮੌਕੇ ਕਰਵਾਏ ਲੜਕਿਆਂ ਦੇ 100 ਮੀਟਰ ਦੌੜ ਮੁਕਾਬਲਿਆਂ 'ਚੋਂ ਗੁਰਜੀਤ ਸਿੰਘ, ਗੁਰਦੀਪ ਸਿੰਘ ਤੇ ਗੁਰਪ੍ਰੀਤ ਸਿੰਘ, 200 ਮੀਟਰ 'ਚੋਂ ਗੁਰਜੀਤ ਸਿੰਘ, ਗੁਰਪਿੰਦਰ ਸਿੰਘ ਤੇ ਗੁਰਪ੍ਰੀਤ ਸਿੰਘ, 800 ਮੀਟਰ 'ਚੋਂ ਹਰਪ੍ਰੀਤ ਸਿੰਘ, ਹਰਜਿੰਦਰ ਸਿੰਘ ਤੇ ਗੁਰਪ੍ਰੀਤ ਸਿੰਘ, 1500 ਮੀਟਰ 'ਚੋਂ ਸਿਕੰਦਰ ਸਿੰਘ, ਅਰਸ਼ਦੀਪ ਸਿੰਘ ਤੇ ਹਰਪ੍ਰੀਤ ਸਿੰਘ, ਲੰਬੀ ਛਾਲ ਮੁਕਾਬਲੇ 'ਚੋਂ ਹਰਜਿੰਦਰ ਸਿੰਘ, ਗੁਰਜੀਤ ਸਿੰਘ ਤੇ ਇੰਦਰਜੀਤ ਸਿੰਘ, ਉੱਚੀ ਛਾਲ ਗੁਰਜੀਤ ਸਿੰਘ, ਗੁਰਦੀਪ ਸਿੰਘ ਤੇ ਹਰਜਿੰਦਰ ਸਿੰਘ, ਗੋਲਾ ਸੁੱਟਣ ਮੁਕਾਬਲੇ 'ਚੋਂ ਹਰਜਿੰਦਰ ਸਿੰਘ, ਲਵਜੀਤ ਸਿੰਘ ਤੇ ਅਰਸ਼ਦੀਪ ਸਿੰਘ, ਡਿਸਕਸ ਥਰੋਅ 'ਚੋਂ ਗੁਰਜੀਤ ਸਿੰਘ, ਮਨਯੋਗ ਸਿੰਘ ਤੇ ਅਰਸ਼ਦੀਪ ਸਿੰਘ, ਲੜਕੀਆਂ ਦੇ 100 ਮੀਟਰ ਦੌੜ ਮੁਕਾਬਲੇ 'ਚ ਬੰਧਨਾ ਰਾਣੀ, ਰਜਨਦੀਪ ਕੌਰ ਤੇ ਗੁਰਪ੍ਰੀਤ ਕੌਰ, 200 ਮੀਟਰ 'ਚੋਂ ਬੰਧਨਾ ਰਾਣੀ, ਗੁਰਪ੍ਰੀਤ ਕੌਰ ਤੇ ਸੁਖਦੀਪ ਕੌਰ, 400 ਮੀਟਰ 'ਚੋਂ ਬੰਧਨਾ ਰਾਣੀ, ਗੁਰਪ੍ਰੀਤ ਕੌਰ ਤੇ ਸੁਖਦੀਪ ਕੌਰ, ਲੰਬੀ ਛਾਲ ਮੁਕਾਬਲੇ 'ਚੋਂ ਸੁਖਦੀਪ ਕੌਰ, ਗੁਰਪ੍ਰੀਤ ਕੌਰ ਤੇ ਹਰਜੀਤ ਕੌਰ, ਉੱਚੀ ਛਾਲ 'ਚੋਂ ਬੰਧਨਾ ਰਾਣੀ, ਮੀਨਾ ਰਾਣੀ ਤੇ ਹਰਪ੍ਰੀਤ ਕੌਰ, ਗੋਲਾ ਸੁੱਟਣ 'ਚੋਂ ਸੁਖਦੀਪ ਕੌਰ, ਜਸਪ੍ਰੀਤ ਕੌਰ ਤੇ ਹਰਪ੍ਰੀਤ ਕੌਰ, ਡਿਸਕਸ ਥਰੋਅ 'ਚੋਂ ਜਸਪ੍ਰੀਤ ਕੌਰ, ਬੰਧਨਾ ਰਾਣੀ ਤੇ ਮੀਨਾ ਰਾਣੀ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। ਮੰਚ ਸੰਚਾਲਨ ਪ੍ਰੋ: ਰਾਵਿੰਦਰ ਸਿੰਘ ਵਲੋਂ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਮਹਿਮਾਨ ਪ੍ਰੋ: ਕੇ. ਕੇ. ਸ਼ਰਮਾ ਤੋਂ ਇਲਾਵਾ ਪ੍ਰੋ: ਸੁਪਨਦੀਪ ਕੌਰ, ਪ੍ਰੋ: ਸੀਮਾ ਜਿੰਦਲ, ਪ੍ਰੋ: ਰਜਨੀ ਬਾਲਾ, ਪ੍ਰੋ: ਅੰਬੇਸ਼ ਭਾਰਦਵਾਜ, ਪ੍ਰੋ: ਅਜਮੀਤ ਕੌਰ, ਪ੍ਰੋ: ਬਲਜੀਤ ਸਿੰਘ, ਪ੍ਰੋ: ਵਿਕੇਸ਼ ਬਾਂਸਲ, ਪ੍ਰੋ: ਅਮਨਦੀਪ ਸਿੰਘ ਆਦਿ ਤੋਂ ਇਲਾਵਾ ਸਮੂਹ ਸਟਾਫ਼ ਹਾਜ਼ਰ ਸੀ।

CMYK

Scanned with CamScanner



...'ਤੇ ਹਾਰ ਪਾਉਂਦੇ ਹੋਏ ਮਾਨਸਾ ਸਾਈਕਲ ਗਰੁੱਪ ਦੇ ਮੈਂਬਰ।

# ਨਸ਼ੇ ਤੋਂ ਦੂਰ ਰਹਿ ਕੇ ਨਰੋਇਆ ਸਮਾਜ ਸਿਰਜਣ ਲਈ ਪ੍ਰੇਰਿਆ

**ਪੱਤਰ ਪ੍ਰੇਰਕ, ਮਾਨਸਾ :** ਸ਼ਹੀਦਾਂ ਦੇ ਸੁਪਨਿਆਂ ਵਾਲਾ ਸਮਾਜ ਸਿਰਜਣ ਲਈ ਹਾਲੇ ਬਹੁਤ ਕੁਝ ਕਰਨਾ ਬਾਕੀ ਹੈ। ਲੋੜ ਹੈ ਦੇਸ਼ ਭਗਤਾਂ ਦੀ ਵਿਚਾਰਧਾਰਾ ਨੂੰ ਸਮਝਣ ਅਤੇ ਅਪਣਾਉਣ ਦੀ ਤਾਂ ਜੋ ਨਰੋਏ ਸਮਾਜ ਦੀ ਸਥਾਪਨਾ ਸੰਭਵ ਹੋ ਸਕੇ। ਇਹ ਇਕ ਧੁਰੀ ਗੱਲਬਾਤ ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਪ੍ਰਿੰਸੀਪਲ ਜਯੋਤੀ ਪ੍ਰਕਾਸ਼ ਦੀ ਅਗਵਾਈ ਵਿਚ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਰਵਾਏ ਸਮਾਗਮ ਮੌਕੇ ਸਾਹਮਣੇ ਆਈ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਅਤੇ ਨੌਜਵਾਨਾਂ ਵਿਚ ਸਕਾਰਾਤਮਕ ਸੋਚ ਪੈਦਾ ਕਰਨ ਦੇ ਉਦੇਸ਼ ਨਾਲ ਚਲਾਏ ਬਡੀ ਪ੍ਰੋਗਰਾਮ ਤਹਿਤ 23 ਮਾਰਚ ਦਾ ਸ਼ਹੀਦੀ ਦਿਹਾੜਾ ਯੁਵਾ ਸ਼ਕਤੀ ਦਿਵਸ ਵਜੋਂ ਮਨਾਇਆ ਗਿਆ। ਕਾਲਜ ਦੀ ਬੀਏ ਭਾਗ ਦੂਜਾ ਦੀ ਵਿਦਿਆਰਥਣ ਗਗਨਪ੍ਰੀਤ ਕੌਰ ਨੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਜੀਵਨ ਤੇ ਵਿਚਾਰਧਾਰਾ ਬਾਰੇ ਗੱਲਬਾਤ ਕਰਦਿਆਂ ਦੱਸਿਆ ਕਿ ਭਗਤ ਸਿੰਘ ਮਹਾਨ ਕ੍ਰਾਂਤੀਕਾਰੀ ਯੋਧਾ ਹੋਣ ਦੇ ਨਾਲ-ਨਾਲ ਉੱਚ ਕੋਟੀ ਦੇ ਚਿੰਤਕ ਵੀ ਸਨ। ਉਨ੍ਹਾਂ ਨੇ ਜਿੱਥੇ ਆਪਣੇ ਜੀਵਨ ਅਤੇ ਜੇਲ੍ਹ ਅਨੁਭਵ ਸਬੰਧੀ ਜੇਲ੍ਹ ਡਾਇਰੀ ਲਿਖੀ ਉਥੇ ਹੀ ਵਿਸ਼ਵ ਪੱਧਰੀ ਸਾਹਿਤ ਦਾ ਅਧਿਐਨ ਵੀ ਕੀਤਾ। ਉਹ ਚਾਹੁੰਦੇ ਸਨ ਕਿ ਅਜਿਹਾ ਸਮਾਜ ਸਿਰਜਿਆ ਜਾਵੇ ਜਿਸ ਵਿਚ ਸਮਾਨਤਾ, ਸੁਤੰਤਰਤਾ ਅਤੇ ਭਰੱਪਣ ਹੋਵੇ। ਬੀਏ ਭਾਗ ਤੀਜਾ ਦੇ ਵਿਦਿਆਰਥੀ ਜਸਪ੍ਰੀਤ ਸਿੰਘ ਅਤੇ ਬੀਏ ਭਾਗ ਪਹਿਲਾ ਦੇ ਵਿਦਿਆਰਥੀ ਜਸਪ੍ਰੀਤ ਸਿੰਘ ਨੇ ਕ੍ਰਾਂਤੀਕਾਰੀ ਰਾਜਗੁਰੂ ਅਤੇ ਸੁਖਦੇਵ ਸਿੰਘ ਬਾਰੇ ਗੱਲਬਾਤ ਕਰਦਿਆਂ ਉਹਨਾਂ ਦੀ ਸ਼ਹਾਦਤ ਨੂੰ ਸਿਜਦਾ ਕੀਤਾ। ਉਹਨਾਂ ਕਿਹਾ ਕਿ ਸ਼ਹੀਦਾਂ ਦੀਆਂ ਲਾਸਾਨੀ ਸ਼ਹਾਦਤਾਂ ਕਰਕੇ ਹੀ ਅੱਜ ਅਸੀ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਉਹਨਾਂ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਉਹ ਨਸ਼ੇ ਅਤੇ ਹੋਰ ਅਲਾਮਤਾਂ ਤੋਂ ਦੂਰ ਰਹਿ ਕੇ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਅੱਗੇ ਆਉਣ।

ਪ੍ਰੋ. ਰਾਵਿੰਦਰ ਸਿੰਘ ਅਤੇ ਪ੍ਰੋ. ਕੁਲਦੀਪ ਚੌਹਾਨ ਨੇ ਦੇਸ਼ ਭਗਤਾਂ ਦੀ ਵਿਚਾਰਧਾਰਾ ਤੇ ਗੱਲ ਕਰਦਿਆਂ ਲੋਕਾਈ ਨੂੰ ਸੱਦਾ ਦਿੱਤਾ ਕਿ ਜੇਕਰ ਹੁਣ ਵੀ ਚੰਗੇ ਸਮਾਜ ਦੀ ਸਿਰਜਣਾ ਲਈ ਸਾਂਝੇ ਯਤਨ ਨਾ ਜੁਟਾਏ ਗਏ ਤਾਂ ਇਸ ਦਾ ਖ਼ਮਿਆਜ਼ਾ ਮੌਜੂਦਾ ਤੇ ਆਉਣ ਵਾਲੀਆਂ ਪੀੜ੍ਹੀਆਂ ਭੁਗਤਣਗੀਆਂ। ਸਮਾਗਮ ਮੌਕੇ ਵਿਚਾਰ ਪੇਸ਼ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਸੰਬੋਧਨ ਅਤੇ ਸ਼ਾਮਿਲ ਹੋਣ ਵਾਲਿਆਂ ਵਿਚ ਪ੍ਰੋ. ਸੁਪਨਦੀਪ ਕੌਰ, ਪ੍ਰੋ. ਸੀਮਾਂ, ਪ੍ਰੋ. ਅੰਬੇਸ਼ ਭਾਰਦਵਾਜ, ਪ੍ਰੋ. ਬਲਜੀਤ ਸਿੰਘ, ਪ੍ਰੋ. ਕੁਲਦੀਪ ਸਿੰਘ, ਪ੍ਰੋ. ਹਰਵਿੰਦਰ ਕੌਰ, ਪ੍ਰੋ. ਆਸ਼ੂ ਜਿੰਦਲ, ਪ੍ਰੋ. ਪ੍ਰਤਿਭਾ, ਪ੍ਰੋ. ਸਿੰਪਲ ਬਾਂਸਲ, ਪ੍ਰੋ. ਅਮਨਦੀਪ ਸਿੰਘ ਅਤੇ ਪ੍ਰੋ. ਜੋਤੀ ਆਦਿ ਸਨ।



ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਸ਼ਖ਼ਸੀਅਤ ਵਿਕਾਸ ਵਿਸ਼ੇ 'ਤੇ ਸੈਮੀਨਾਰ ਨੂੰ ਸੰਬੋਧਨ ਕਰਦੇ ਹੋਏ ਬੁਲਾਰੇ। ਅਜੀਤ ਤਸਵੀਰ

# ਨਹਿਰੂ ਮੈਮੋਰੀਅਲ ਸਰਕਾਰੀ ਕਾਲਜ 'ਚ ਸੈਮੀਨਾਰ ਕਰਵਾਇਆ

ਮਾਨਸਾ, 28 ਮਾਰਚ (ਬਲਵਿੰਦਰ ਸਿੰਘ ਧਾਲੀਵਾਲ)-ਮਿਹਨਤ ਤੇ ਲਗਨ ਨਾਲ ਹਰ ਮੰਜ਼ਿਲ ਨੂੰ ਸਹਿਜ ਨਾਲ ਪਾਇਆ ਜਾ ਸਕਦਾ ਹੈ। ਇਹ ਪ੍ਰਗਟਾਵਾ ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਮੁੱਖ ਵਕਤਾ ਅਸ਼ੋਕ ਸਦਿਓੜਾ ਨੇ ਕੌਮੀ ਸੇਵਾ ਯੋਜਨਾ ਵਿਭਾਗ ਵਲੋਂ ਸ਼ਖ਼ਸੀਅਤ ਵਿਕਾਸ ਵਿਸ਼ੇ 'ਤੇ ਕਰਵਾਏ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਅਜੋਕੇ ਤੇਜ਼ ਤਰਾਰ ਜ਼ਮਾਨੇ 'ਚ ਸਮੇਂ ਦਾ ਹਾਣੀ ਬਣਨ ਲਈ ਵਿਦਿਆਰਥੀਆਂ ਨੂੰ ਵੱਖ-ਵੱਖ ਕੌਸ਼ਲ ਸਿੱਖਣੇ ਚਾਹੀਦੇ ਹਨ। ਉਨ੍ਹਾਂ ਭਾਸ਼ਾਵਾਂ ਦੇ ਮਹੱਤਵ ਬਾਰੇ ਗੱਲ ਕਰਦਿਆਂ ਕਿਹਾ ਕਿ ਛੋਟੀ ਉਮਰ ਦੇ ਬੱਚਿਆਂ ਲਈ ਮਾਤ-ਭਾਸ਼ਾ ਵਧੇਰੇ ਲਾਜ਼ਮੀ ਹੈ ਪਰ ਆਰਥਿਕ ਖੇਤਰ ਵਿਚ ਅੱਗੇ ਵਧਣ ਲਈ ਹੋਰ ਭਾਸ਼ਾਵਾਂ ਦਾ ਗਿਆਨ ਹੋਣਾ ਵੀ ਜ਼ਰੂਰੀ ਹੈ। ਵਿਦਿਆਰਥੀਆਂ ਵਲੋਂ ਅੰਗਰੇਜ਼ੀ ਭਾਸ਼ਾ ਨੂੰ ਬੋਲਣ ਤੇ ਲਿਖਣ ਸਮੇਂ ਆਉਣ ਵਾਲੀਆਂ ਮੁਸ਼ਕਲਾਂ ਬਾਰੇ ਸਵਾਲਾਂ ਦੇ ਜਵਾਬ ਦਿੰਦਿਆਂ ਸਦਿਓੜਾ ਨੇ ਸਿੱਖਣ ਦੀ ਤੀਬਰ ਇੱਛਾ ਤੇ ਅਭਿਆਸ 'ਤੇ ਜ਼ੋਰ ਦਿੱਤਾ। ਵਿਭਾਗ ਦੇ ਪ੍ਰੋਗਰਾਮ ਅਫ਼ਸਰ ਪ੍ਰੋ: ਰਵਿੰਦਰ ਸਿੰਘ ਨੇ ਕਿਹਾ ਕਿ ਸ਼ਖ਼ਸੀਅਤ ਕੋਈ ਵਿਰਾਸਤ ਨਹੀਂ ਹੈ ਸਗੋਂ ਵਿਅਕਤੀ ਵੱਖੋ-ਵੱਖ ਕੌਸ਼ਲਾਂ ਤੇ ਸਮਾਜ 'ਚ ਵਿਚਰਦਿਆਂ ਵਿਕਾਸ ਕਰ ਸਕਦਾ ਹੈ। ਉਨ੍ਹਾਂ ਦੱਸਿਆ ਕਿ ਪ੍ਰਿੰਸੀਪਲ ਜੋਤੀ ਪ੍ਰਕਾਸ਼ ਦੀ ਅਗਵਾਈ 'ਚ ਅਜਿਹੇ ਸੈਮੀਨਾਰ ਭਵਿੱਖ 'ਚ ਵੀ ਜਾਰੀ ਰਹਿਣਗੇ। ਪ੍ਰੋ: ਸੀਮਾ ਜਿੰਦਲ ਨੇ ਉਸਾਰੂ ਸ਼ਖ਼ਸੀਅਤ ਲਈ ਪ੍ਰੇਰਿਤ ਕਰਦੀਆਂ ਆਪਣੀਆਂ ਕਵਿਤਾਵਾਂ ਦਾ ਪਾਠ ਕੀਤਾ। ਇਸ ਮੌਕੇ ਪ੍ਰੋ: ਸੁਖਨਦੀਪ ਕੌਰ, ਪ੍ਰੋਗਰਾਮ ਅਫ਼ਸਰ ਪ੍ਰੋ: ਕੁਲਦੀਪ ਸਿੰਘ ਢਿੱਲੋਂ, ਪ੍ਰੋ: ਕੁਲਦੀਪ ਚੌਹਾਨ, ਪ੍ਰੋ: ਆਸ਼ੂ ਗਰਗ, ਪ੍ਰੋ: ਜੋਤੀ ਆਦਿ ਹਾਜ਼ਰ ਸਨ।

Scanned with CamScanner

ਤੰਦਰੁਸਤ ਸਿਹਤ ਪ੍ਰਾਪਤੀ ਲਈ ਕੀਤੇ ਨੁਕਤੇ ਸਾਂਝੇ, ਕਸਰਤ ਤੇ ਸੈਰ ਅਤਿ ਜ਼ਰੂਰੀ, ਸਿਗਰਟਨੋਸ਼ੀ ਤੇ ਸ਼ਰਾਬ ਪੀਣਾ ਆਦਿ ਬੁਰਾਈਆਂ ਤੋਂ ਦੂਰ ਰਹਿਣ ਲਈ ਕੀਤਾ ਪ੍ਰੇਰਿਤ

# ਚੰਗੀ ਸਿਹਤ ਨਾ ਹੋਵੇ ਤਾਂ ਜ਼ਿੰਦਗੀ ਦੇ ਅਰਥ ਖ਼ਤਮ ਹੋ ਜਾਂਦੇ : ਹਰਬੰਸ ਬੀਈਈ

**ਸੁਰਿੰਦਰ ਲਾਲੀ, ਮਾਨਸਾ**

ਸਿਹਤ ਵਿਭਾਗ ਡਾ. ਲਾਲ ਚੰਦ ਠਕਰਾਲ ਸਿਵਲ ਸਰਜਨ ਮਾਨਸਾ ਦੇ ਨਿਰਦੇਸ਼ਾਂ ਅਨੁਸਾਰ ਵਿਸ਼ਵ ਸਿਹਤ ਦਿਵਸ ਤਹਿਤ ਸਥਾਨਕ ਨਹਿਰੂ ਕਾਲਜ ਮਾਨਸਾ ਵਿਖੇ ਐਕਸਟੈਂਸ਼ਨ ਲੈਕਚਰ ਕਰਵਾਇਆ ਗਿਆ। ਇਸ ਮੌਕੇ ਕਾਲਜ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਹਰਬੰਸ ਲਾਲ ਬੀਈਈ ਨੇ ਦੱਸਿਆ ਕਿ ਜੇਕਰ ਤੁਹਾਡੇ ਕੋਲ ਚੰਗੀ ਸਿਹਤ ਨਾ ਹੋਵੇ ਤਾਂ ਜ਼ਿੰਦਗੀ ਦਾ ਅਰਥ ਖ਼ਤਮ ਹੋ ਜਾਂਦਾ ਹੈ। ਨਾ ਤੁਸੀਂ ਭੋਜਨ ਅਤੇ ਨਾ ਹੀ ਦੁਨੀਆਂ ਦਾ ਆਨੰਦ ਮਾਣ ਸਕਦੇ ਹੋ। ਇਕ ਸਿਹਤਮੰਦ ਵਿਅਕਤੀ ਕਿਸੇ ਵੀ ਅਮੀਰ ਪਰ ਅਸਵਸਥ ਵਿਅਕਤੀ ਤੋਂ ਜ਼ਿਆਦਾ ਖ਼ੁਸ਼ਹਾਲ ਅਤੇ ਸ਼ਾਂਤਮਈ ਜੀਵਨ ਬਤੀਤ ਕਰ ਸਕਦਾ ਹੈ। ਇਸੇ ਲਈ ਅਸੀਂ ਕਹਿ ਸਕਦੇ ਹਾਂ ਕਿ ਇਕ ਆਦਮੀ ਦੀ ਅਸਲੀ ਜਾਇਦਾਦ ਉਸ ਦੀ ਚੰਗੀ ਸਿਹਤ ਹੁੰਦੀ ਹੈ। ਸਿਹਤ ਕੇਵਲ ਰੋਗ ਅਤੇ ਕਮਜ਼ੋਰੀ ਤੋਂ ਆਜ਼ਾਦੀ ਦਾ ਨਾਂ ਹੀ ਨਹੀਂ ਹੈ, ਪਰ ਸੰਪੂਰਨ ਸਰੀਰਕ, ਸਮਾਜਿਕ ਅਤੇ ਮਾਨਸਿਕ ਤੰਦਰੁਸਤੀ ਦੀ ਸਥਿਤੀ ਵੀ ਹੈ। ਚੰਗੀ ਸਿਹਤ ਕਿਸੇ ਵਿਅਕਤੀ ਦੇ ਦਿਮਾਗ, ਸਰੀਰ ਅਤੇ ਆਤਮਾ ਦੀ ਉਹ ਸਥਿਤੀ ਹੈ ਜਿਸ ਵਿਚ ਉਹ ਕਿਸੇ ਵੀ ਤਰ੍ਹਾਂ ਦੀ ਬਿਮਾਰੀ, ਸੱਟ ਅਤੇ ਦਰਦ ਤੋਂ ਮੁਕਤ ਹੈ। ਜੇ ਤੁਸੀਂ ਮਜ਼ਬੂਤ ਅਤੇ ਤੰਦਰੁਸਤ ਹੋ ਤਾਂ ਤੁਸੀਂ ਦੂਜਿਆਂ ਲਈ ਇਕ ਸ਼ਾਨਦਾਰ ਉਦਾਹਰਣ ਬਣ ਸਕਦੇ ਹੋ ਅਤੇ ਉਨ੍ਹਾਂ ਨੂੰ ਵੀ ਸਿਖਾ ਸਕਦੇ ਹੋ ਕਿ ਵਧੀਆ ਸਿਹਤ ਕਿਵੇਂ ਪ੍ਰਾਪਤ ਕੀਤੀ ਜਾ ਸਕਦੀ ਹੈ।

ਬਿਮਾਰ ਵਿਅਕਤੀ ਅਮੀਰ ਹੋ ਕੇ ਵੀ ਸਿਹਤ ਪੱਖੋਂ ਗ਼ਰੀਬ ਹੀ ਰਹਿੰਦਾ ਹੈ। ਚੰਗੀ ਸਿਹਤ ਪ੍ਰਾਪਤ ਕਰਨ ਲਈ, ਲੋਕਾਂ ਨੂੰ ਸਿਹਤਮੰਦ ਜੀਵਨ ਸ਼ੈਲੀ ਦੀ ਪਾਲਣਾ ਕਰਨੀ ਚਾਹੀਦੀ ਹੈ। ਜੋ ਲੋਕ ਸਿਹਤ ਪ੍ਰਤੀ ਅਵੇਸਲੇ ਰਹਿੰਦੇ ਹਨ ਜਾਂ ਸਿਹਤਮੰਦ ਜੀਵਨ ਸ਼ੈਲੀ ਨੂੰ ਨਹੀਂ ਅਪਣਾਉਂਦੇ ਉਨ੍ਹਾਂ ਨੂੰ ਬਲੱਡ ਪ੍ਰੈਸ਼ਰ, ਦਿਲ ਦੀਆਂ ਬਿਮਾਰੀਆਂ, ਮੋਟਾਪਾ, ਡਾਇਬੀਟੀਜ਼, ਕੋਲੈਸਟ੍ਰੋਲ, ਗੁਰਦਿਆਂ ਦੀਆਂ ਸਮੱਸਿਆਵਾਂ, ਜਿਗਰ ਦੀਆਂ ਬਿਮਾਰੀਆਂ ਅਤੇ ਹੋਰ ਕਈ ਤਰ੍ਹਾਂ ਦੀਆਂ ਸਿਹਤ ਸਮੱਸਿਆਵਾਂ ਹੋ ਸਕਦੀਆਂ ਹਨ।

ਉਨ੍ਹਾਂ ਕਿਹਾ ਕਿ ਚੰਗੀ ਸਿਹਤ ਹੋਣਾ ਵੀ ਪਰਮਾਤਮਾ ਦੀ ਬਹੁਤ ਵੱਡੀ ਬਰਕਤ ਹੀ ਹੁੰਦੀ ਹੈ। ਚੰਗੀ ਸਿਹਤ ਬਣਾਈ ਰੱਖਣ ਲਈ ਅਨੁਸ਼ਾਸਿਤ ਜੀਵਨ ਜੀਣਾ ਬੇਹੱਦ ਜ਼ਰੂਰੀ ਹੈ। ਸਾਨੂੰ ਹਮੇਸ਼ਾ ਸਧਾਰਨ ਤੇ ਸੰਤੁਲਤ ਆਹਾਰ ਖਾਣਾ ਚਾਹੀਦਾ ਹੈ। ਤੰਦਰੁਸਤ ਸਰੀਰ ਅਤੇ ਤੰਦਰੁਸਤ ਮਨ ਲਈ ਕਸਰਤ ਵੀ ਬਹੁਤ ਮਹੱਤਵਪੂਰਨ ਹੈ। ਇਸ ਲਈ ਸਾਨੂੰ ਰੋਜ਼ਾਨਾ ਕਸਰਤ ਕਰਨੀ ਚਾਹੀਦੀ ਹੈ ਅਤੇ ਲੰਬੀ ਸੈਰ ਵੀ ਕਰਨੀ ਚਾਹੀਦੀ ਹੈ। ਚੰਗੀ ਨੀਂਦ ਵੀ ਸਾਡੀ ਸਿਹਤ ਲਈ ਬਹੁਤ ਜ਼ਰੂਰੀ ਹੈ। ਸਿਹਤਮੰਦ ਸਰੀਰ ਸਬੰਧੀ ਨੁਕਤੇ ਸਾਂਝੇ ਕਰਦਿਆਂ ਉਨ੍ਹਾਂ ਕਿਹਾ ਕਿ ਸਿਹਤਮੰਦ ਸਰੀਰ ਲਈ ਸਾਫ਼-ਸੁਥਰਾ ਵਾਤਾਵਰਨ ਹੋਣਾ ਵੀ ਬਹੁਤ ਮਹੱਤਵਪੂਰਨ ਹੈ। ਸਿਹਤਮੰਦ ਜੀਵਨ ਲਈ ਆਪਣੇ ਸਰੀਰ ਨੂੰ, ਆਪਣੇ ਘਰ ਨੂੰ ਅਤੇ ਆਪਣੇ ਆਲੇ-ਦੁਆਲੇ ਨੂੰ ਸਾਫ਼-ਸੁਥਰਾ ਰੱਖਣਾ ਸਾਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਬਚਾਉਂਦਾ ਹੈ। ਜ਼ਿਆਦਾ ਪਾਣੀ ਪੀਣਾ ਅਤੇ ਖੂਬ ਹੱਸਣਾ ਵੀ ਸਰੀਰ ਨੂੰ ਤੰਦਰੁਸਤ ਰੱਖਣ ਦਾ ਵਧੀਆ ਤਰੀਕਾ ਹੈ। ਇਸ ਤੋਂ ਇਲਾਵਾ ਸਾਨੂੰ ਸਿਗਰਟਨੋਸ਼ੀ, ਸ਼ਰਾਬ ਪੀਣਾ ਆਦਿ ਬੁਰੀਆਂ ਆਦਤਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਕ ਤੰਦਰੁਸਤ ਵਿਅਕਤੀ ਬਹੁਤ ਸਾਰਾ ਪੈਸਾ ਕਮਾ ਸਕਦਾ ਹੈ ਪਰ ਇਕ ਅਸਵਸਥ, ਬਿਮਾਰ ਵਿਅਕਤੀ ਪ੍ਰੇਰਣਾ, ਦਿਲਚਸਪੀ ਅਤੇ ਤਾਕਤ ਦੀ ਘਾਟ ਕਾਰਨ ਇਹ ਸਭ ਕੁਝ ਨਹੀਂ ਕਰ ਪਾਉਂਦਾ। ਧਨ ਜੀਵਨ ਜਿਉਣ ਲਈ ਬਹੁਤ ਜ਼ਰੂਰੀ ਹੈ ਪਰ ਚੰਗੀ ਸਿਹਤ ਇਕ ਖੁਸ਼ਹਾਲ ਜੀਵਨ ਜੀਉਣ ਦਾ ਸੋਮਾ ਹੈ। ਇਸ ਲਈ ਚੰਗੀ ਸਿਹਤ ਹੋਣਾ ਪੈਸਿਆਂ ਨਾਲੋਂ ਵੀ ਜ਼ਿਆਦਾ ਮਹੱਤਵਪੂਰਣ ਹੈ। ਚੰਗੀ ਸਿਹਤ ਨੂੰ ਕਾਇਮ ਰੱਖਣਾ ਹੀ ਅਸਲ ਧਨ ਹੈ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਪ੍ਰੋ: ਸੁਪਨਦੀਪ ਕੌਰ ਪ੍ਰੋ: ਰਵਿੰਦਰ ਸਿੰਘ ਅਤੇ ਸੋਨਮ ਦਾ ਵਿਸ਼ੇਸ਼ ਯੋਗਦਾਨ ਰਿਹਾ।






ਨਹਿਰੂ ਕਾਲਜ ਮਾਨਸਾ 'ਚ ਸੰਬੋਧਨ ਕਰਦੇ ਹੋਏ ਹਰਬੰਸ ਲਾਲ ਬੀਈਈ, ਕਾਲਜ ਸਟਾਫ਼ ਅਤੇ ਵਿਦਿਆਰਥੀ।

ਪੰਜਾਬੀ ਜਾਗਰਣ, 10/4/2019

Scanned with CamScanner

ਅਜੀਤ

Date 17/8/2019

**ਚੰਗੀਆਂ ਸੇਵਾਵਾਂ ਨਿਭਾਉਣ ਲਈ ਪ੍ਰੋ. ਰਾਵਿੰਦਰ ਸਿੰਘ ਦਾ ਸਨਮਾਨ**



ਮਾਨਸਾ ਵਿਖੇ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਪ੍ਰੋਫੈਸਰ ਰਾਵਿੰਦਰ ਸਿੰਘ ਦਾ ਸਨਮਾਨ ਕਰਦੇ ਹੋਏ ਅਪਨੀਤ ਰਿਆਤ ਡਿਪਟੀ ਕਮਿਸ਼ਨਰ ਮਾਨਸਾ। ਅਜੀਤ ਤਸਵੀਰ

ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਦੇ ਬਹੁਮੰਤਵੀ ਖੇਡ ਸਟੇਡੀਅਮ ਵਿਖੇ 73ਵੇਂ ਆਜ਼ਾਦੀ ਦਿਵਸ ਦੇ ਜ਼ਿਲ੍ਹਾ ਪੱਧਰੀ ਸਮਾਗਮ ਮਨਾਉਣ ਮੌਕੇ ਕਾਲਜ ਦੇ ਰਾਜਨੀਤੀ ਸ਼ਾਸਤਰ ਵਿਭਾਗ ਦੇ ਸਹਾਇਕ ਪ੍ਰੋਫੈਸਰ ਰਾਵਿੰਦਰ ਸਿੰਘ ਨੂੰ ਚੰਗੀਆਂ ਸੇਵਾਵਾਂ ਨਿਭਾਉਣ ਲਈ ਸਨਮਾਨਿਤ ਕੀਤਾ ਗਿਆ। ਦੱਸਣਾ ਬਣਦਾ ਹੈ ਕਿ ਪ੍ਰੋ. ਰਾਵਿੰਦਰ ਸਿੰਘ ਨੇ ਪੰਜਾਬ ਸਰਕਾਰ ਵਲੋਂ ਨਸ਼ਿਆਂ ਖ਼ਿਲਾਫ਼ ਚਲਾਏ ਬਡੀ ਪ੍ਰੋਗਰਾਮ ਤਹਿਤ ਨੌਜਵਾਨ ਵਰਗ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਸੈਮੀਨਾਰ, ਲੈਕਚਰ, ਨੁੱਕੜ ਨਾਟਕ, ਚਿਤਰਕਲਾ ਮੁਕਾਬਲੇ, ਖੇਡ ਮੁਕਾਬਲੇ, ਭਾਸ਼ਣ, ਲੇਖ ਲਿਖਣ ਤੇ ਗਰੁੱਪ ਵਾਰਤਾਲਾਪ ਮੁਕਾਬਲੇ ਕਰਵਾਏ ਗਏ। ਐਨ.ਐਸ.ਐਸ. ਵਿਭਾਗ ਦੇ ਕੋਆਰਡੀਨੇਟਰ ਵਜੋਂ ਕਿਸਾਨ ਵੀਰਾਂ ਨੂੰ ਪਰਾਲੀ ਨਾ ਸਾੜਨ ਸੰਬੰਧੀ ਜ਼ਿਲ੍ਹੇ ਦੇ ਪਿੰਡਾਂ ਵਿਚ ਜਾਗਰੂਕਤਾ ਰੈਲੀਆਂ ਕੱਢਣ ਤੋਂ ਇਲਾਵਾ ਭਾਰਤ ਸਰਕਾਰ ਦੇ ਬੇਟੀ ਬਚਾਓ, ਬੇਟੀ ਪੜ੍ਹਾਓ, ਸਵੱਛ ਭਾਰਤ ਅਭਿਆਨ, ਰਾਸ਼ਟਰੀ ਏਕਤਾ ਦਿਵਸ, ਸ਼ਖ਼ਸੀਅਤ ਵਿਕਾਸ ਵਿਸ਼ੇ 'ਤੇ ਸੈਮੀਨਾਰ, ਖ਼ੂਨਦਾਨ ਕੈਂਪ ਆਦਿ ਪ੍ਰੋਗਰਾਮ ਸਫਲਤਾਪੂਰਵਕ ਕਰਵਾਏ।

ਪੰਜਾਬੀ ਜਾਗਰਣ

Date 17/8/2019



ਪ੍ਰੋ. ਰਾਵਿੰਦਰ ਸਿੰਘ ਨੂੰ ਸਨਮਾਨਿਤ ਕਰਦੇ ਹੋਏ ਡੀਸੀ ਅਪਨੀਤ ਰਿਆਤ ਤੇ ਹੋਰ।


# ਪ੍ਰੋ. ਰਾਵਿੰਦਰ ਸਿੰਘ ਦਾ ਕੀਤਾ ਸਨਮਾਨ

**ਪੱਤਰ ਪ੍ਰੇਰਕ, ਮਾਨਸਾ :** ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਦੇ ਬਹੁਮੰਤਵੀ ਖੇਡ ਸਟੇਡੀਅਮ ਵਿਖੇ 73ਵੇਂ ਸੁਤੰਤਰਤਾ ਦਿਵਸ ਦੇ ਜ਼ਿਲ੍ਹਾ ਪੱਧਰੀ ਸਮਾਗਮ ਮਨਾਉਣ ਮੌਕੇ ਕਾਲਜ ਦੇ ਰਾਜਨੀਤੀ ਸ਼ਾਸਤਰ ਵਿਭਾਗ ਦੇ ਸਹਾਇਕ ਪ੍ਰੋਫੈਸਰ ਰਾਵਿੰਦਰ ਸਿੰਘ ਨੂੰ ਚੰਗੀਆਂ ਸੇਵਾਵਾਂ ਨਿਭਾਉਣ ਲਈ ਸਨਮਾਨਿਤ ਕੀਤਾ ਗਿਆ। ਦੱਸਣਾ ਬਣਦਾ ਹੈ ਕਿ ਪ੍ਰੋ. ਰਵਿੰਦਰ ਸਿੰਘ 25 ਅਗਸਤ 2003 ਤੋਂ ਕਾਲਜ ਵਿਖੇ ਅਧਿਆਪਨ ਕਿੱਤੇ ਦੇ ਨਾਲ-ਨਾਲ ਸਹਿ ਵਿੱਦਿਅਕ ਗਤੀ-ਵਿਧੀਆਂ ਵਿਚ ਵਿਦਿਆਰਥੀਆਂ ਦੀ ਯੋਗ ਅਗਵਾਈ ਕਰ ਰਹੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖ਼ਾਤਮੇ ਲਈ ਸੂਬੇ ਭਰ ਦੇ ਸਕੂਲਾਂ/ਕਾਲਜਾਂ ਵਿਚ ਚਲਾਏ ਜਾ ਰਹੇ ਬਡੀ ਪ੍ਰੋਗਰਾਮ ਦੇ ਮਾਸਟਰ ਟ੍ਰੇਨਰ-ਕਮ-ਨੋਡਲ ਅਫ਼ਸਰ (ਕਾਲਜ) ਵਜੋਂ ਉਨ੍ਹਾਂ ਦੇ ਕੰਮ ਸ਼ਲਾਘਾਯੋਗ ਹਨ। ਇਸ ਪ੍ਰੋਗਰਾਮ ਤਹਿਤ ਉਨ੍ਹਾਂ ਵੱਲੋਂ ਜ਼ਿਲ੍ਹੇ ਦੇ ਸਰਕਾਰੀ/ਪ੍ਰਾਈਵੇਟ/ ਏਡਿਡ ਅਤੇ ਕਾਂਸਟੀਚਿਊਟ ਲਗਭਗ 20 ਕਾਲਜਾਂ 'ਚ 16732 ਵਿਦਿਆਰਥੀਆਂ ਦੇ 3353 ਬਡੀ ਗਰੁੱਪ ਬਣਾਏ ਗਏ ਤੇ ਇਨ੍ਹਾਂ ਬਡੀ ਗਰੁੱਪਾਂ ਨੂੰ ਚਲਾਉਣ ਲਈ 439 ਸੀਨੀਅਰ ਬਡੀ ਨਿਯੁਕਤ ਕੀਤੇ ਗਏ। ਇਸ ਮੁਹਿੰਮ ਤਹਿਤ ਨੌਜਵਾਨ ਵਰਗ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਸੈਮੀਨਾਰ, ਲੈਕਚਰ, ਨੁਕੱੜ ਨਾਟਕ, ਚਿਤਰਕਲਾ ਮੁਕਾਬਲੇ, ਖੇਡ ਮੁਕਾਬਲੇ, ਭਾਸ਼ਣ, ਲੇਖ ਲਿਖਣ ਅਤੇ ਗਰੁੱਪ ਵਾਰਤਾਲਾਪ ਮੁਕਾਬਲੇ ਕਰਵਾਏ ਗਏ। ਐੱਨਐੱਸਐੱਸ ਵਿਭਾਗ ਦੇ ਕੋਆਰਡੀਨੇਟਰ ਵਜੋਂ ਕਿਸਾਨ ਵੀਰਾਂ ਨੂੰ ਪਰਾਲੀ ਨਾ ਸਾੜਨ ਸੰਬੰਧੀ ਜ਼ਿਲ੍ਹੇ ਦੇ ਪਿੰਡਾਂ ਵਿਚ ਜਾਗਰੂਕਤਾ ਰੈਲੀਆਂ ਕੱਢਣ ਤੋਂ ਇਲਾਵਾ ਭਾਰਤ ਸਰਕਾਰ ਦੇ ਬੇਟੀ ਬਚਾਓ, ਬੇਟੀ ਪੜ੍ਹਾਓ, ਸਵੱਛ ਭਾਰਤ ਅਭਿਆਨ, ਰਾਸ਼ਟਰੀ ਏਕਤਾ ਦਿਵਸ, ਸ਼ਖ਼ਸੀਅਤ ਵਿਕਾਸ ਵਿਸ਼ੇ ਤੇ ਸੈਮੀਨਾਰ, ਖ਼ੂਨਦਾਨ ਕੈਂਪ ਆਦਿ ਪ੍ਰੋਗਰਾਮ ਸਫਲਤਾਪੂਰਵਕ ਕਰਵਾਏ ਗਏ ਹਨ। ਕਾਲਜ ਪ੍ਰਿੰਸੀਪਲ ਜਯੋਤੀ ਪ੍ਰਕਾਸ਼ ਵੱਲੋਂ ਪ੍ਰੋ. ਰਾਵਿੰਦਰ ਸਿੰਘ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸਨਮਾਨ ਕਾਲਜ ਦੇ ਹਿੱਸੇ ਆਉਣ ਨਾਲ ਸੰਸਥਾ ਦੇ ਮਾਣ 'ਚ ਹੋਰ ਵਾਧਾ ਹੋਇਆ ਹੈ, ਉਥੇ ਭਵਿੱਖ ਵਿਚ ਹੋਰਨਾਂ ਅਧਿਆਪਕਾਂ ਨੂੰ ਵੀ ਸਮਾਜਿਕ ਕੰਮਾਂ ਵਿਚ ਵੱਧ-ਚੜ੍ਹਕੇ ਹਿੱਸਾ [illegible] ਪ੍ਰੇਰਣਾ ਮਿਲੇਗੀ।

Scanned with CamScanner

ਪੰਜਾਬੀ ਜਾਗਰਣ

Date 26/9/19



ਮਾਨਸਾ ਵਿਖੇ ਪੁਸਤਕ ਜਾਰੀ ਕਰਦੇ ਹੋਏ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਉੱਚੇਰੀ ਸਿੱਖਿਆ, ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਪੰਜਾਬ ਤੇ ਹੋਰ।

# 'ਐਮਰਜ਼ਿੰਗ ਇਸ਼ੂਜ ਇਨ ਇੰਡੀਆ' ਉਚੇਰੀ ਸਿੱਖਿਆ ਮੰਤਰੀ ਵਲੋਂ ਜਾਰੀ

**ਪੱਤਰ ਪ੍ਰੇਰਕ, ਮਾਨਸਾ** : ਵਿਸ਼ਵੀਕਰਨ ਦੇ ਦੌਰ ਚ ਵਿਕਸਤ ਦੇਸ਼ਾਂ ਦੀ ਕਤਾਰ ਚ ਖੜ੍ਹੇ ਹੋਣ ਲਈ ਭਾਰਤ ਨੂੰ ਨਿੱਤ ਨਵੀਆਂ ਚੁਨੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜੇਕਰ ਚਿੰਤਕ, ਖੋਜਾਰਥੀ ਤੇ ਸੂਝਵਾਨ ਲੋਕ ਅੱਗੇ ਆਉਣ ਤਾਂ ਅਜਿਹੇ ਰੁਝਾਨਾਂ ਦਾ ਸਕਾਰਤਮਿਕ ਹੱਲ ਲੱਭਿਆ ਜਾ ਸਕਦਾ ਹੈ। ਇਹ ਪ੍ਰਗਟਾਵਾ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਉੱਚੇਰੀ ਸਿੱਖਿਆ, ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਪੰਜਾਬ ਨੇ ਰਾਵਿੰਦਰ ਸਿੰਘ ਸਹਾਇਕ ਪ੍ਰੋਫੈਸਰ ਰਾਜਨੀਤੀ ਸ਼ਾਸਤਰ, ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ ਵਲੋਂ ਸੰਪਾਦਿਤ ਕੀਤੀ ਪੁਸਤਕ"ਇਮਰਜਿੰਗ ਇਸ਼ੂਜ ਇਨ ਇੰਡੀਆ ਨੂੰ ਜਾਰੀ ਕਰਨ ਮੌਕੇ ਕੀਤਾ। ਨਾਜ਼ਰ ਸਿੰਘ ਮਾਨਸ਼ਾਹੀਆ ਵਿਧਾਇਕ ਹਲਕਾ ਮਾਨਸਾ ਨੇ ਕਿਹਾ ਕਿ ਇਹ ਕਿਤਾਬ ਅਧਿਆਪਕਾਂ, ਬੁੱਧੀਜੀਵੀਆਂ, ਸਾਹਿਤਕਾਰਾਂ ਤੇ ਖੋਜਾਰਥੀਆਂ ਲਈ ਦਸਤਾਵੇਜ਼ ਹੈ। ਇਸ ਮੌਕੇ ਗੁਰਦਰਸ਼ਨ ਸਿੰਘ ਬਾਹੀਆ, ਬਲਵਿੰਦਰ ਸਿੰਘ ਧਾਲੀਵਾਲ ਤੇ ਪ੍ਰੋ: ਕੁਲਦੀਪ ਸਿੰਘ ਢਿੱਲੋਂ ਵੀ ਹਾਜ਼ਰ ਸਨ।

Scanned with CamScanner

ਪੰਜਾਬੀ ਜਾਗਰਣ



ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਸੁਰੇਸ਼ ਕੁਮਾਰ ਸਿੰਘ।

# 'ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਕੇ ਹੀ ਹਾਦਸਿਆਂ ਤੋਂ ਬਚਿਆ ਜਾ ਸਕਦੈ'

**ਪੱਤਰ ਪ੍ਰੇਰਕ, ਮਾਨਸਾ**

ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ **'ਇੰਡੀਅਨ ਰੋਡ ਸੇਫਟੀ ਕੰਪੇਨ-ਆਈਸੇਫ19'** ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਟ੍ਰੈਫਿਕ ਐਜੂਕੇਸ਼ਨ ਸੈਲ ਮਾਨਸਾ ਦੇ ਇੰਚਾਰਜ ਏਐੱਸਆਈ ਸੁਰੇਸ਼ ਕੁਮਾਰ ਸਿੰਘ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ। ਸੈਮੀਨਾਰ ਦੀ ਸ਼ੁਰੂਆਤ ਮੌਕੇ ਪ੍ਰੋ. ਬਲਜੀਤ ਸਿੰਘ ਇਤਿਹਾਸ ਵਿਭਾਗ ਨੇ ਮੁੱਖ ਬੁਲਾਰੇ ਨੂੰ ਜੀ ਆਇਆ ਆਖਦਿਆਂ ਵੱਧ ਰਹੇ ਹਾਦਸਿਆਂ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਹਜ਼ਾਰਾਂ ਦੀ ਸੰਖਿਆਂ 'ਚ ਲੋਕ ਸੜਕੀ ਹਾਦਸਿਆਂ ਵਿਚ ਆਪਣੀ ਜਾਨ ਗੁਆ ਰਹੇ ਹਨ ਜਾਂ ਅਪਾਹਿਜ ਹੋ ਰਹੇ ਹਨ। ਉਨ੍ਹਾਂ ਵਿਦਿਆਰਥੀਆਂ ਨਾਲ ਹਾਦਸਿਆਂ ਦੇ ਅੰਕੜੇ ਸਾਂਝੇ ਕਰਦਿਆਂ ਹਾਦਸਿਆਂ ਨੂੰ ਰੋਕਣ ਵਿਚ ਆਪਣੀ ਭੂਮਿਕਾ ਨਿਭਾਉਣ ਲਈ ਵੀ ਕਿਹਾ। ਸੈਮੀਨਾਰ ਦੇ ਮੁੱਖ ਬੁਲਾਰੇ ਸੁਰੇਸ਼ ਕੁਮਾਰ ਸਿੰਘ ਨੇ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਤੋਂ ਜਾਣੂ ਕਰਵਾਉਣ ਦੇ ਨਾਲ-ਨਾਲ ਹਾਦਸਿਆਂ ਦੇ ਕਾਰਨਾਂ ਸਬੰਧੀ ਵਿਚਾਰ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ ਮਨੁੱਖ ਟ੍ਰੈਫਿਕ ਨਿਯਮਾਂ ਦੀ ਸਹੀ ਪਾਲਣਾ ਕਰਕੇ ਹੀ ਹਾਦਸਿਆਂ ਤੋਂ ਬਚ ਸਕਦੇ ਹਨ। ਜਿਸ ਨਾਲ ਉਨ੍ਹਾ ਦੇ ਪਰਿਵਾਰ ਤੇ ਸਮਾਜ ਨੂੰ ਸਮਾਜਿਕ ਤੇ ਆਰਥਿਕ ਨੁਕਸਾਨ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਮੌਕੇ ਪ੍ਰੋ. ਹਰਵਿੰਦਰ ਕੌਰ, ਪ੍ਰੋ. ਪ੍ਰਤਿਭਾ ਜਿੰਦਲ, ਪ੍ਰੋ. ਅਮਨਦੀਪ ਸਿੰਘ, ਪ੍ਰੋ. ਅਜਮੀਤ ਕੌਰ ਨੇ ਸੰਬੋਧਨ ਕੀਤਾ।

Date - 27/9/20

Scanned with CamScanner



ਮਾਤਾ ਸੁੰਦਰੀ ਗਰਲਜ਼ ਮਾਨਸਾ ਵਿਖੇ ਯੁਵਕ ਮੇਲੇ ਦਾ ਸ਼ਮ੍ਹਾ ਰੋਸ਼ਨ ਕਰ ਕੇ ਉਦਘਾਟਨ ਕਰਦੇ ਹੋਏ ਐਸ.ਪੀ. ਸਿੰਘ ਓਬਰਾਏ, ਨਾਲ ਡਾ. ਸਤੀਸ਼ ਕੁਮਾਰ ਵਰਮਾ, ਡਾ: ਗੁਰਸੇਵਕ ਸਿੰਘ ਲੰਬੀ, ਪ੍ਰਿੰਸੀਪਲ ਡਾ. ਬਰਿੰਦਰ ਕੌਰ ਤੇ ਹੋਰ ਅਤੇ ਫੋਕ ਆਰਕੈਸਟਰਾ ਦੀ ਪੇਸ਼ਕਾਰੀ ਮੌਕੇ ਬੁਢਲਾਡਾ ਕਾਲਜ ਦੇ ਵਿਦਿਆਰਥੀ। (ਸੱਜੇ) ਮਾਨਸਾ ਜ਼ੋਨ ਦੇ ਯੁਵਕ ਮੇਲੇ ਦਾ ਆਨੰਦ ਮਾਣਦੀਆਂ ਹੋਈਆਂ ਵਿਦਿਆਰਥਣਾਂ।

ਤਸਵੀਰ : ਸੇਖੋਂ ਮਾਨਸਾ



ਅਜੀਤ 11/10/19

# ਪੰਜਾਬੀ ਯੂਨੀਵਰਸਿਟੀ ਮਾਨਸਾ ਜ਼ੋਨ ਦਾ ਯੁਵਕ ਮੇਲਾ ਧੂਮ ਧੜੱਕੇ ਨਾਲ ਸ਼ੁਰੂ


- ਬੁਢਲਾਡਾ ਕਾਲਜ ਦੇ ਫੋਕ ਆਰਕੈਸਟਰਾਂ ਨੇ ਦਰਸ਼ਕ ਮੋਹੇ
- ਨੌਜਵਾਨ ਪੜ੍ਹਾਈ ਦੇ ਨਾਲ ਸੱਭਿਆਚਾਰਕ ਗਤੀਵਿਧੀਆਂ 'ਚ ਵੀ ਭਾਗ ਲੈਣ- ਐਸ.ਪੀ. ਸਿੰਘ ਓਬਰਾਏ

ਮਾਨਸਾ, 10 ਅਕਤੂਬਰ (ਬਲਵਿੰਦਰ ਸਿੰਘ ਧਾਲੀਵਾਲ/ਰਾਵਿੰਦਰ ਸਿੰਘ ਰਵੀ)- ਸਥਾਨਕ ਮਾਤਾ ਸੁੰਦਰੀ ਯੂਨੀਵਰਸਿਟੀ ਗਰਲਜ਼ ਕਾਲਜ ਵਿਖੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਮਾਨਸਾ ਜ਼ੋਨ ਦਾ 3 ਰੋਜ਼ਾ ਖੇਤਰੀ ਯੁਵਕ ਅਤੇ ਲੋਕ ਮੇਲਾ ਧੂਮ ਧੜੱਕੇ ਨਾਲ ਸ਼ੁਰੂ ਹੋ ਗਿਆ ਹੈ। ਭਾਵੇਂ ਜ਼ੋਨ 'ਚ 45 ਕਾਲਜ ਪੈਂਦੇ ਹਨ ਪਰ ਭਾਗੀਦਾਰ ਕਾਲਜਾਂ ਦੀ ਗਿਣਤੀ ਬਹੁਤ ਘੱਟ ਹੈ। ਉਦਘਾਟਨ ਐਸ.ਪੀ. ਸਿੰਘ ਓਬਰਾਏ ਸਰਪ੍ਰਸਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਕੀਤਾ। ਸ਼ਮ੍ਹਾ ਰੋਸ਼ਨ ਕਰਨ ਉਪਰੰਤ ਸੰਬੋਧਨ ਕਰਦਿਆਂ ਉਨ੍ਹਾਂ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਨਾਲ ਸੱਭਿਆਚਾਰਕ ਤੇ ਹੋਰ ਗਤੀਵਿਧੀਆਂ 'ਚ ਭਾਗ ਲੈਣ ਲਈ ਪ੍ਰੇਰਿਆ। ਉਨ੍ਹਾਂ ਕਿਹਾ ਕਿ ਸਮੇਂ ਦਾ ਹਾਣੀ ਬਣਨ ਲਈ ਉੱਚ ਸਿੱਖਿਆ ਹਾਸਲ ਕਰਨੀ ਜ਼ਰੂਰੀ ਹੈ ਅਤੇ ਨੌਜਵਾਨਾਂ ਨੂੰ ਕਿਤਾਕਾਰੀ ਕੋਰਸਾਂ ਨੂੰ ਪਹਿਲ ਦੇਣੀ ਚਾਹੀਦੀ ਹੈ। ਉਨ੍ਹਾਂ ਫ਼ਖ਼ਰ ਮਹਿਸੂਸ ਕੀਤਾ ਕਿ ਲੜਕੀਆਂ ਹਰ ਖੇਤਰ 'ਚ ਮੱਲਾਂ ਮਾਰ ਰਹੀਆਂ ਹਨ। ਡਾ. ਸਤੀਸ਼ ਕੁਮਾਰ ਵਰਮਾ ਸਾਬਕਾ ਡਾਇਰੈਕਟਰ ਯੁਵਕ ਭਲਾਈ ਵਿਭਾਗ ਅਤੇ ਡਾ: ਗੁਰਸੇਵਕ ਸਿੰਘ ਲੰਬੀ ਇੰਚਾਰਜ ਯੁਵਕ ਭਲਾਈ ਵਿਭਾਗ ਪੰਜਾਬੀ ਯੂਨੀਵਰਸਿਟੀ ਨੇ ਕਿਹਾ ਕਿ ਯੁਵਕ ਮੇਲੇ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਨ 'ਚ ਸਹਾਈ ਹੁੰਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬੀ ਵਿਰਸੇ ਨੂੰ ਸੰਭਾਲਣ 'ਚ ਪੰਜਾਬੀ 'ਵਰਸਿਟੀ ਦਾ ਵੱਡਾ ਯੋਗਦਾਨ ਹੈ। ਉਨ੍ਹਾਂ ਪੰਜਾਬੀ ਪਿਆਰਿਆਂ ਖ਼ਾਸ ਕਰ ਕੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਪਹਿਰੇਦਾਰੀ ਕਰਨ। ਕਾਲਜ ਪ੍ਰਿੰਸੀਪਲ ਤੇ ਜਲੰਧਰ ਦੂਰਦਰਸ਼ਨ ਦੇ ਕੈਜ਼ੂਅਲ ਨਿਊਜ਼ ਰੀਡਰ ਡਾ: ਬਰਿੰਦਰ ਕੌਰ ਨੇ ਸਭਨਾਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਹਰ ਸਾਲ 'ਚ ਲੜਕੀਆਂ ਦਾ ਇਹ ਕਾਲਜ ਦਾ ਨਾਂਅ ਜ਼ਿਲ੍ਹੇ ਦੇ ਮੋਹਰੀ ਕਾਲਜਾਂ 'ਚ ਸ਼ੁਮਾਰ ਹੈ।

## ਪਹਿਲੇ ਦਿਨ ਗੁਰੂ ਨਾਨਕ ਕਾਲਜ ਬੁਢਲਾਡਾ ਦੀ ਰਹੀ ਚੜ੍ਹਤ

ਪਹਿਲੇ ਦਿਨ ਹੋਏ ਮੁਕਾਬਲਿਆਂ 'ਚ ਗੁਰੂ ਨਾਨਕ ਕਾਲਜ ਬੁਢਲਾਡਾ ਦੀ ਚੜ੍ਹਤ ਰਹੀ। ਕਾਲਜ ਵਲੋਂ 23 ਆਈਟਮਾਂ 'ਚ ਭਾਗ ਲਿਆ ਗਿਆ ਸੀ ਅਤੇ 18 ਵਿਚੋਂ ਪੁਜ਼ੀਸ਼ਨਾਂ ਹਾਸਲ ਕੀਤੀਆਂ। ਫੋਕ ਆਰਕੈਸਟਰਾ ਮੁਕਾਬਲੇ 'ਚ ਭਾਵੇਂ ਗੁਰੂ ਨਾਨਕ ਕਾਲਜ ਬੁਢਲਾਡਾ ਦੀ ਇਕੱਲੀ ਪੇਸ਼ਕਾਰੀ ਸੀ ਪਰ ਵਿਦਿਆਰਥੀ ਕਲਾਕਾਰਾਂ ਨੇ ਲੋਕ ਸਾਜ਼ਾਂ ਨਾਲ ਸਭਨਾਂ ਨੂੰ ਮੰਤਰ ਮੁਗਧ ਕਰ ਕੇ ਪੂਰੀ ਵਾਹ-ਵਾਹ ਖੱਟੀ। ਗਿੱਧੇ 'ਚ ਐਸ.ਡੀ. ਕੰਨਿਆ ਮਹਾ ਵਿਦਿਆਲਿਆ ਮਾਨਸਾ ਨੇ ਪਹਿਲਾ ਅਤੇ ਯੂਨੀਵਰਸਿਟੀ ਕਾਲਜ ਬਹਾਦਰਪੁਰ ਨੇ ਦੂਸਰਾ ਸਥਾਨ ਹਾਸਲ ਕੀਤਾ। ਰਵਾਇਤੀ ਲੋਕ ਗੀਤ 'ਚ ਯੂਨੀਵਰਸਿਟੀ ਕਾਲਜ ਬਹਾਦਰਪੁਰ ਨੇ ਪਹਿਲਾ, ਗੁਰੂ ਨਾਨਕ ਕਾਲਜ ਬੁਢਲਾਡਾ ਦੂਸਰਾ, ਯੂਨੀਵਰਸਿਟੀ ਕਾਲਜ ਮੂਨਕ (ਸੰਗਰੂਰ) ਨੇ ਤੀਸਰਾ, ਫੋਕ ਆਰਕੈਸਟਰਾ 'ਚ ਗੁਰੂ ਨਾਨਕ ਕਾਲਜ ਬੁਢਲਾਡਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਲੋਕ ਗੀਤ 'ਚ ਦਿ ਰੋਇਲ ਗਰੁੱਪ ਆਫ਼ ਕਾਲਜਿਜ਼ ਬੋੜਾਵਾਲ ਦੇ ਕਲਾਕਾਰ ਛਾ ਗਏ ਜਦਕਿ ਗੁਰੂ ਨਾਨਕ ਕਾਲਜ ਬੁਢਲਾਡਾ ਨੇ ਦੂਜਾ ਅਤੇ ਯੂਨੀਵਰਸਿਟੀ ਕਾਲਜ ਮੂਨਕ (ਸੰਗਰੂਰ) ਨੇ ਤੀਸਰਾ, ਲੋਕ ਸਾਜ਼ ਮੁਕਾਬਲੇ 'ਚ ਗੁਰੂ ਨਾਨਕ ਬੁਢਲਾਡਾ ਬਾਜ਼ੀ ਮਾਰ ਗਿਆ ਅਤੇ ਦਿ ਰੋਇਲ ਗਰੁੱਪ ਆਫ਼ ਕਾਲਜਿਜ਼ ਬੋੜਾਵਾਲ ਨੇ ਦੂਜਾ ਅਤੇ ਐਸ.ਡੀ. ਕੰਨਿਆ ਮਹਾ ਵਿਦਿਆਲਿਆ ਮਾਨਸਾ ਨੇ ਤੀਜਾ ਸਥਾਨ ਹਾਸਲ ਕੀਤਾ। ਗਰੁੱਪ ਸ਼ਬਦ 'ਚ ਮਾਤਾ ਸੁੰਦਰੀ ਯੂਨੀਵਰਸਿਟੀ ਗਰਲਜ਼ ਕਾਲਜ ਦੀਆਂ ਵਿਦਿਆਰਥਣਾਂ ਦੀ ਚੜ੍ਹਤ ਰਹੀ ਜਦਕਿ ਐਸ.ਡੀ. ਕੰਨਿਆ ਮਹਾ ਵਿਦਿਆਲਿਆ ਨੇ ਦੂਜਾ, ਗੁਰੂ ਨਾਨਕ ਬੁਢਲਾਡਾ ਨੇ ਤੀਜਾ, ਕਲਾਸੀਕਲ ਵੋਕਲ ਵਿਚ ਗੁਰੂ ਨਾਨਕ ਬੁਢਲਾਡਾ ਨੇ ਪਹਿਲਾ, ਐਸ.ਡੀ. ਕੰਨਿਆ ਮਹਾ ਵਿਦਿਆਲਿਆ ਨੇ ਦੂਜਾ, ਗੀਤ/ਗ਼ਜ਼ਲ 'ਚ ਗੁਰੂ ਨਾਨਕ ਬੁਢਲਾਡਾ ਨੇ ਪਹਿਲਾ, ਦਿ ਰੋਇਲ ਗਰੁੱਪ ਆਫ਼ ਕਾਲਜਿਜ਼ ਬੋੜਾਵਾਲ ਨੇ ਦੂਜਾ, ਮਾਤਾ ਸੁੰਦਰੀ ਯੂਨੀਵਰਸਿਟੀ ਕਾਲਜ ਨੇ ਤੀਸਰਾ, ਭਾਰਤੀ ਸਮੂਹ ਗਾਇਨ 'ਚ ਐਸ.ਡੀ. ਕੰਨਿਆ ਮਹਾ ਵਿਦਿਆਲਿਆ ਨੇ ਪਹਿਲਾ, ਗੁਰੂ ਨਾਨਕ ਬੁਢਲਾਡਾ ਨੇ ਦੂਜਾ ਅਤੇ ਮਾਤਾ ਸੁੰਦਰੀ ਯੂਨੀਵਰਸਿਟੀ ਕਾਲਜ ਨੇ ਤੀਸਰਾ ਅਤੇ ਜਨਰਲ ਕੁਇਜ਼ 'ਚ ਬਲਰਾਮ ਸਿੰਘ [illegible]

[illegible]




Scanned with CamScanner

Scanned with CamScanner




Scanned with CamScanner
Scanned with CamScanner




Scanned with CamScanner
Scanned with CamScanner




Scanned with CamScanner
Scanned with CamScanner




Scanned with CamScanner

Scanned with CamScanner



Scanned with CamScanner
Scanned with CamScanner



Scanned with CamScanner
Scanned with CamScanner




Scanned with CamScanner

Scanned with CamScanner



Scanned with CamScanner

Scanned with CamScanner




Scanned with CamScanner




Scanned with CamScanner




Scanned with CamScanner




Scanned with CamScanner



Scanned with CamScanner



Scanned with CamScanner



Scanned with CamScanner




Scanned with CamScanner




Scanned with CamScanner



Scanned with CamScanner



Scanned with CamScanner



Scanned with CamScanner



Scanned with CamScanner




Scanned with CamScanner